SWITCH INSURANCE
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
*Award winning news paper* | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi
B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | Vol 23* Issue 226 | Wednesday, 11 December 2024 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' ***Online***ਰੋਜ਼ਾਨਾ ਪੜ੍ਹ ਸਕਦੇ ਹੋ

MagGas Medical Brampton
MGM
MAGGAS MEDICAL INC.
Helping you breathe deep and rest easy.
- CPAP ਮਸ਼ੀਨਾਂ, ਮਾਸਕ ਅਤੇ ਸਪਲਾਈ
- ਮੁਫ਼ਤ ਸਲਾਹ
- ਓਨਟਾਰੀਓ ਡਿਸਏਬਿਲਟੀ ਸਪੋਰਟ ਪ੍ਰੋਗਰਾਮ ਲਈ
- ਓਨਟਾਰੀਓ ਵਰਕਸ ਲਈ ਮੁਫ਼ਤ
- ਮੁਫ਼ਤ ਡਿਲੀਵਰੀ
(647) 954-9885
20 Maritime Ont Blvd
Unit 15
Brampton, ON L6S 0C2

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
(Government Approved Licensed Technician)
416 938 4598

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

## ਓਂਟਾਰੀਓ ਦੀ ਔਰਤ ਨੂੰ ਟੈਕਸੀ ਘੋਟਾਲੇ 'ਚ ਲੱਗਾ 14 ਹਜ਼ਾਰ ਡਾਲਰ ਦਾ ਚੂਨਾ

ਟੋਰਾਂਟੋ, 10 ਦਸੰਬਰ (ਪੋਸਟ ਬਿਊਰੋ): ਓਂਟਾਰੀਓ ਦੀ ਇੱਕ ਔਰਤ ਨਾਲ ਉਸ ਸਮੇਂ ਠੱਗੀ ਹੋ ਗਈ ਜਦੋਂ ਉਹ ਕਿਸੇ ਦੂਜੀ ਔਰਤ ਦੀ ਟੈਕਸੀ ਦਾ ਕਿਰਾਇਆ ਭਰਨ ਵਿਚ ਮਦਦ ਕਰ ਰਹੀ ਸੀ, ਪਰ ਇਸਦੀ ਥਾਂ ਉਸਨੂੰ 14 ਹਜ਼ਾਰ ਡਾਲਰ ਦਾ ਚੂਨਾ ਲੱਗ ਗਿਆ ।



ਵੁਡਬਰਿਜ ਦੀ ਮਾਰਿਆ ਪੈਡਾਗਡੈਗ ਨੇ ਦੱਸਿਆ ਕਿ ਇਹ ਘਟਨਾ ਅਗਸਤ ਦੀ ਸ਼ੁਰੂਆਤ ਵਿੱਚ ਇੱਕ ਪਾਰਕਿੰਗ ਥਾਂ ਵਿੱਚ ਹੋਈ। ਪੈਡਾਗਡੈਗ ਨੇ ਦੱਸਿਆ, ਇਹ ਔਰਤ ਮੇਰੀ ਕਾਰ ਦੇ ਪਿੱਛੇ ਤੋਂ ਆਈ ਅਤੇ ਉਸਨੇ ਕਿਹਾ ਕਿ ਕੀ ਤੁਸੀਂ ਮੇਰੀ ਟੈਕਸੀ ਦਾ ਕਿਰਾਇਆ ਚੁਕਾਉਣ ਵਿੱਚ ਮੇਰੀ ਮਦਦ ਕਰ ਸਕਦੇ ਹੋ ?

ਮੈਂ ਆਪਣਾ ਡੇਬਿਟ ਕਾਰਡ ਦਿੱਤਾ ਅਤੇ ਪਿਨ ਮਸ਼ੀਨ ਵਿੱਚ ਪਾਇਆ ਅਤੇ ਔਰਤ ਨੇ ਮੈਨੂੰ 10 ਡਾਲਰ ਦਿੱਤੇ, ਅਤੇ ਮੈਂ ਘਰ ਲਈ ਨਿਕਲ ਗਈ।

ਪੈਡਾਗਡੈਗ ਨੇ ਕਿਹਾ ਕਿ ਉਸਨੇ ਆਪਣਾ ਬੈਂਕ ਖਾਤਾ ਨਹੀਂ ਚੈਕ ਕੀਤਾ। ਚਾਰ ਦਿਨ ਬਾਅਦ ਉਸਨੇ ਕਿਹਾ ਕਿ ਉਸਨੂੰ ਆਪਣੇ ਬੈਂਕ ਤੋਂ ਇੱਕ ਕਾਲ ਆਇਆ, ਜਿਸ ਵਿੱਚ ਦੱਸਿਆ ਗਿਆ ਕਿ ਉਸਦੇ ਖਾਤੇ ਨਾਲ ਛੇੜਛਾੜ ਕੀਤੀ ਗਈ ਹੈ ਅਤੇ ਉਸਦੇ 14 ਹਜ਼ਾਰ ਡਾਲਰ ਨਿਕਲ ਗਏ ਹਨ। ਪੈਡਾਗਡੈਗ ਨੇ ਕਿਹਾ ਕਿ ਮੈਨੂੰ ਹੈਰਾਨੀ ਹੋਈ, ਮੈਂ ਤਾਂ ਉਸਦੀ ਮਦਦ ਕਰਨ ਦੀ ਕੋਸ਼ਿਸ਼ ਕਰ ਰਹੀ ਸੀ।

ਟੋਰਾਂਟੋ ਪੁਲਿਸ ਨੇ ਟੈਕਸੀ ਘੋਟਾਲਿਆਂ ਵਿੱਚ ਵਾਧੇ ਦੇ ਕਾਰਨ ਚਿਤਾਵਨੀ ਜਾਰੀ ਕੀਤੀ ਹੈ, ਕਿਉਂਕਿ 2024 ਵਿੱਚ ਹੁਣ ਤੱਕ 800 ਤੋਂ ਜ਼ਿਆਦਾ ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ ਵਿੱਚ 1.6 ਮਿਲੀਅਨ ਡਾਲਰ ਤੋਂ ਜ਼ਿਆਦਾ ਦਾ ਨੁਕਸਾਨ ਹੋਇਆ ਹੈ। ਟੋਰਾਂਟੋ ਪੁਲਿਸ ਧੋਖਾਧੜੀ ਵਿਭਾਗ ਦੇ ਡਿਟੇਕਟਿਵ ਡੇਵਿਡ ਕਾਫ਼ੀ ਨੇ ਦੱਸਿਆ ਕਿ ਠੱਗ ਤੁਹਾਨੂੰ ਇੱਕ ਡੁਪਲੀਕੇਟ ਕਾਰਡ ਦੇ ਦਿੰਦੇ ਹਨ ਜੋ ਤੁਹਾਡੇ ਕਾਰਡ ਵਰਗਾ ਹੀ ਦਿਸਦਾ ਹੈ ਅਤੇ ਉਹ ਤੁਹਾਡਾ ਕਾਰਡ ਅਤੇ ਤੁਹਾਡਾ ਪਿਨ ਰੱਖ ਲੈਂਦੇ ਹਨ। ਉਨ੍ਹਾਂ ਇਸ ਗੱਲ ਸੁਚੇਤ ਰਹਿਣ ਲਈ ਕਿਹਾ ਹੈ।

## ਪੁਲਿਸ ਨੇ ਟੋ ਟਰੱਕ ਡਰਾਈਵਰਾਂ ਖਿਲਾਫ 19 ਚਾਰਜਿਜ਼ ਲਗਾਏ




ਓਟਵਾ, 10 ਦਸੰਬਰ (ਪੋਸਟ ਬਿਊਰੋ): ਓਟਵਾ ਪੁਲਿਸ ਦਾ ਕਹਿਣਾ ਹੈ ਕਿ ਵੀਕੈਂਡ ਵਿੱਚ ਚੋਮਪਲਿਅਿਨਚਏ ਏਨੋਰਚਏਮਏਨਟ ੋਪਏਰਅਟੋਿਨ ਦੌਰਾਨ ਪੰਜ ਟੋ ਟਰੱਕ ਡਰਾਈਵਰਾਂ ਖਿਲਾਫ 19 ਚਾਰਜਿਜ਼ ਲਗਾਏ।

ਪੁਲਿਸ ਦਾ ਕਹਿਣਾ ਹੈ ਕਿ ਟੋ ਟਰੱਕ ਡਰਾਈਵਰਾਂ ਅਤੇ ਕੰਪਨੀਆਂ ਵੱਲੋਂ ਪ੍ਰੋਵਿਨਸ਼ੀਅਲ ਨਿਯਮਾਂ ਦੀ ਪਾਲਣਾ ਯਕੀਨੀ ਕਰਨ ਕਰਕੇ ਜਨਤਕ ਸੁਰੱਖਿਆ ਨੂੰ ਬਣਾਈ ਰੱਖਣ ਅਤੇ ਉਪਭੋਗਤਾ ਸੁਰੱਖਿਆ ਲਈ ਜਾਂਚ ਕੀਤੀ ਗਈ ।

ਅਧਿਕਾਰੀਆਂ ਨੇ ਟੋ ਟਰੱਕ ਆਪਰੇਟਰਾਂ, ਡਰਾਈਵਰਾਂ ਅਤੇ ਵਾਹਨ ਭੰਡਾਰਣ ਸਹੂਲਤਾਂ ਲਈ ਅਨੁਪਾਲਨ ਦੀ ਜਾਂਚ ਕੀਤੀ। ਕੁਲ ਮਿਲਾਕੇ, ਸ਼ਹਿਰ ਦੀ 10 ਟੋ ਟਰੱਕ ਕੰਪਨੀਆਂ 'ਤੇ ਓਂਟਾਰੀਓ ਦੇ ਟੋਇੰਗ ਅਤੇ ਸਟੋਰੇਜ਼ ਇੰਫੋਰਸਮੈਂਟ ਐਕਟ ਤਹਿਤ 17 ਚਾਰਜਿਜ਼ ਅਤੇ ਹਾਈਵੇਅ ਆਵਾਜਾਈ ਐਕਟ ਤਹਿਤ ਦੋ ਚਾਰਜਿਜ਼ ਲਗਾਏ ਗਏ। ...ਬਾਕੀ ਪੰਨਾ 2 'ਤੇ

## ਜੀਟੀਏ ਦੇ ਘਰਾਂ ਵਿੱਚ ਦਾਖਲ ਹੋ ਕੇ ਲੁੱਟਾਂ ਕਰਨ ਵਾਲੇ ਆਪਰਾਧਿਕ ਨੈੱਟਵਰਕ ਦਾ ਪਰਦਾਫਾਸ਼

### ਪ੍ਰੋਜੈਕਟ ਸਕਾਈਫਾਲ ਤਹਿਤ 17 ਮੁਲਜ਼ਮ ਗ੍ਰਿਫਤਾਰ




ਟੋਰਾਂਟੋ, 10 ਦਸੰਬਰ (ਪੋਸਟ ਬਿਊਰੋ): ਯਾਰਕ ਖੇਤਰ ਵਿੱਚ ਪੁਲਿਸ ਨੇ 17 ਲੋਕਾਂ ਨੂੰ ਗਿਰਫਤਾਰ ਕੀਤਾ ਹੈ ਜੋ ਗਰੇਟਰ ਟੋਰਾਂਟੋ ਖੇਤਰ ਵਿੱਚ ਘਰਾਂ ਵਿੱਚ ਦਾਖਲ ਹੋ ਕੇ, ਲੁੱਟਾਂ ਕਰਨ ਅਤੇ ਨਸ਼ੀਲਾ ਪਦਾਰਥਾਂ ਦੀ ਤਸਕਰੀ ਵਿੱਚ ਸ਼ਾਮਿਲ ਇੱਕ ਆਪਰਾਧਿਕ ਸੰਗਠਨ ਦਾ ਹਿੱਸਾ ਹਨ।


ਮੰਗਲਵਾਰ ਨੂੰ ਯਾਰਕ ਖੇਤਰੀ ਪੁਲਿਸ ਦੇ ਪ੍ਰੋਜੈਕਟ ਸਕਾਈਫਾਲ ਨਾਮਕ ਇੱਕ ਸਾਲ ਦੀ ਜਾਂਚ ਦਾ ਹਿੱਸਾ ਹਨ। ਮੁਲਜ਼ਮਾਂ 'ਤੇ ਕੁਲ ਮਿਲਾਕੇ 83 ਚਾਰਜਿਜ਼ ਹਨ।

ਜਾਂਚ ਅਧਿਕਾਰੀ ਅਲਵਾਰੋ ਅਲਮੇਡਾ ਨੇ ਕਿਹਾ ਕਿ ਯਾਰਕ ਖੇਤਰੀ ਪੁਲਿਸ ਕਮਿਊਨਿਟੀ ਵਿੱਚ ਅਜਿਹੇ ਮੁਲਜਮਾਂ ਨੂੰ ਬਰਦਾਸ਼ਤ ਨਹੀਂ ਕਰੇਗੀ। ਅਸੀਂ ਯਾਰਕ ਖੇਤਰ ਦੇ ਨਿਵਾਸੀਆਂ ਲਈ ਗ਼ੈਰਕਾਨੂੰਨੀ ਫਾਇਰਆਰਮਜ਼ ਅਤੇ ਸੰਗਠਿਤ ਅਪਰਾਧ ਨਾਲ ਪੈਦਾ ਖਤਰਿਆਂ ਨੂੰ ਖਤਮ ਕਰਨ ਲਈ ਆਪਣੇ ਕੋਲ ਉਪਲੱਬਧ ਹਰ ਸਰੋਤ ਦੀ ਵਰਤੋਂ ਕਰਾਂਗੇ।

ਗ੍ਰਿਫ਼ਤਾਰੀ ਤੋਂ ਇਲਾਵਾ, ਜਾਂਚਕਰਤਾਵਾਂ ਨੇ 14.4 ਮਿਲੀਅਨ ਡਾਲਰ ਦੀ ਕੀਮਤ ਵਿਚ ਡਰਗਜ਼ ਅਤੇ ਤਿੰਨ ਹਥਿਆਰ ਵੀ ਜ਼ਬਤ ਕੀਤੇ ਹਨ

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ



# ਟਰੰਪ ਨੇ ਭਾਰਤੀ-ਅਮਰੀਕੀ ਵਕੀਲ ਹਰਮੀਤ ਢਿੱਲੋਂ ਨੂੰ ਸਹਾਇਕ ਅਟਾਰਨੀ ਜਨਰਲ ਵਜੋਂ ਕੀਤਾ ਨਾਮਜ਼ਦ



ਨਵੀਂ ਦਿੱਲੀ, 10 ਦਸੰਬਰ (ਪੋਸਟ ਬਿਊਰੋ): ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਟੀਮ ਵਿਚ ਭਾਰਤੀ ਮੂਲ ਦੇ ਲੋਕਾਂ ਦੀ ਗਿਣਤੀ ਵਧਦਾ ਜਾ ਰਹੀ ਹੈ। ਹੁਣ ਟਰੰਪ ਨੇ ਆਪਣੀ ਨਵੀਂ ਕੈਬਨਿਟ ਵਿੱਚ ਇੱਕ ਹੋਰ ਭਾਰਤੀ ਨੂੰ ਵੱਡੀ ਜ਼ਿੰਮੇਵਾਰੀ ਦਿੱਤੀ ਹੈ। ਟਰੰਪ ਨੇ ਸੋਮਵਾਰ ਨੂੰ ਭਾਰਤੀ-ਅਮਰੀਕੀ ਵਕੀਲ ਹਰਮੀਤ ਕੇ ਢਿੱਲੋਂ ਨੂੰ ਨਿਆਂ ਵਿਭਾਗ ਵਿੱਚ ਨਾਗਰਿਕ ਅਧਿਕਾਰਾਂ ਲਈ ਸਹਾਇਕ ਅਟਾਰਨੀ ਜਨਰਲ ਵਜੋਂ ਨਾਮਜ਼ਦ ਕੀਤਾ ਹੈ।

ਡੋਨਾਲਡ ਟਰੰਪ ਨੇ ਇਸ ਸਬੰਧੀ ਇਕ ਪੋਸਟ ਵੀ ਲਿਖੀ, ਉਨ੍ਹਾਂ ਨੇ ਕਿਹਾ ਕਿ ਮੈਂ ਹਰਮੀਤ ਕੇ ਢਿੱਲੋਂ ਨੂੰ ਅਮਰੀਕੀ ਨਿਆਂ ਵਿਭਾਗ ਵਿਚ ਸਿਵਲ ਰਾਈਟਸ ਲਈ ਸਹਾਇਕ ਅਟਾਰਨੀ ਜਨਰਲ ਵਜੋਂ ਨਾਮਜ਼ਦ ਕਰਕੇ ਖੁਸ਼ ਹਾਂ। ਆਪਣੇ ਪੂਰੇ ਕਰੀਅਰ ਦੌਰਾਨ, ਹਰਮੀਤ ਸਾਡੀਆਂ ਪਿਆਰੀਆਂ ਨਾਗਰਿਕ ਸੁਤੰਤਰਤਾਵਾਂ ਦੀ ਰੱਖਿਆ ਲਈ ਲਗਾਤਾਰ ਖੜ੍ਹੇ ਰਹੇ ਹਨ। ਹਰਮੀਤ ਅਮਰੀਕਾ ਦੇ ਚੋਟੀ ਦੇ ਵਕੀਲਾਂ ਵਿੱਚੋਂ ਇੱਕ ਹੈ। ਉਹ ਡਾਰਟਮਾਊਥ ਕਾਲਜ ਅਤੇ ਯੂਨੀਵਰਸਿਟੀ ਆਫ਼ ਵਰਜੀਨੀਆ ਲਾਅ ਸਕੂਲ ਦੇ ਗ੍ਰੈਜੂਏਟ ਹਨ।

ਟਰੰਪ ਨੇ ਇਹ ਵੀ ਕਿਹਾ ਕਿ ਢਿੱਲੋਂ ਨੇ ਬੋਲਣ ਦੀ ਆਜ਼ਾਦੀ 'ਤੇ ਰੋਕ ਲਗਾਉਣ ਲਈ ਤਕਨੀਕੀ ਕੰਪਨੀਆਂ ਨੂੰ ਘੇਰਿਆ, ਜੋ ਈਸਾਈਆਂ ਦੀ ਨੁਮਾਇੰਦਗੀ ਕਰਦੇ ਹਨ ਜਿਨ੍ਹਾਂ ਨੂੰ ਕੋਵਿਡ -19 ਮਹਾਂਮਾਰੀ ਦੌਰਾਨ ਇਕੱਠੇ ਪ੍ਰਾਰਥਨਾ ਕਰਨ ਤੋਂ ਰੋਕਿਆ ਗਿਆ ਸੀ।

ਡੋਨਾਲਡ ਟਰੰਪ ਨੇ ਅੱਗੇ ਕਿਹਾ ਕਿ ਹਰਮੀਤ ਸਿੱਖ ਭਾਈਚਾਰੇ ਦੀ ਸਤਿਕਾਰਤ ਮੈਂਬਰ ਹਨ। ਨਿਆਂ ਵਿਭਾਗ ਵਿਚ, ਹਰਮੀਤ ਸਾਡੇ ਸੰਵਿਧਾਨਕ ਅਧਿਕਾਰਾਂ ਦਾ ਅਣਥੱਕ ਰਖਵਾਲੀ ਕਰਨਗੇ ਅਤੇ ਸਾਡੇ ਨਾਗਰਿਕ ਅਧਿਕਾਰਾਂ ਅਤੇ ਚੋਣ ਕਾਨੂੰਨਾਂ ਨੂੰ ਨਿਰਪੱਖ ਅਤੇ ਜ਼ੋਰਦਾਰ ਢੰਗ ਨਾਲ ਲਾਗੂ ਕਰਨਗੇ।

ਇਸ ਤੋਂ ਬਾਅਦ, ਵਕੀਲ ਹਰਮੀਤ ਕੇ ਢਿੱਲੋਂ ਨੇ ਜਵਾਬ ਦਿੱਤਾ ਕਿ ਮੈਂ ਨਾਮਜ਼ਦ ਹੋਣ ਅਤੇ ਟਰੰਪ ਦੇ ਅਟਾਰਨੀ ਜਨਰਲ-ਚੁਣੇ ਪੈਮ ਬੌਂਡੀ ਦੀ ਅਗਵਾਈ ਵਿੱਚ ਵਕੀਲਾਂ ਦੀ ਇੱਕ ਸ਼ਾਨਦਾਰ ਟੀਮ ਦਾ ਹਿੱਸਾ ਬਣ ਕੇ ਬਹੁਤ ਮਾਣ ਮਹਿਸੂਸ ਕਰ ਰਿਹੀ ਹਾਂ।

## ਮੁੰਡੀਆਂ ਵੱਲੋਂ ਕੇਂਦਰੀ ਜਲ ਸ਼ਕਤੀ ਮੰਤਰੀ ਨੂੰ 161 ਕਰੋੜ ਰੁਪਏ ਦੀ ਬਕਾਇਆ ਰਾਸ਼ੀ ਜਾਰੀ ਕਰਨ ਦੀ ਅਪੀਲ



ਚੰਡੀਗੜ੍ਹ, 10 ਦਸੰਬਰ (ਪੋਸਟ ਬਿਊਰੋ): ਪੰਜਾਬ ਦੇ ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਅੱਜ ਕੇਂਦਰੀ ਜਲ ਸ਼ਕਤੀ ਮੰਤਰੀ ਸ੍ਰੀ ਸੀ.ਆਰ. ਪਾਟਿਲ ਨੂੰ ਪੰਜਾਬ ਵਿੱਚ ਜਲ ਜੀਵਨ ਮਿਸ਼ਨ ਸਕੀਮ ਦੇ ਹੋਰ ਵਿਸਥਾਰ ਲਈ ਇਸ ਸਕੀਮ ਤਹਿਤ ਵਿੱਤੀ ਸਾਲ 2024-25 ਦੀ ਪਹਿਲੀ ਕਿਸ਼ਤ ਦੇ 161 ਕਰੋੜ ਰੁਪਏ ਦੀ ਬਕਾਇਆ ਰਾਸ਼ੀ ਜਾਰੀ ਕਰਨ ਦੀ ਅਪੀਲ ਕੀਤੀ। ਇਸ ਮੰਗ ਉੱਤੇ ਉਨ੍ਹਾਂ ਨੂੰ ਇਹ ਰਾਸ਼ੀ ਪਹਿਲ ਦੇ ਆਧਾਰ ਉੱਤੇ ਜਾਰੀ ਹੋਣ ਦਾ ਵਿਸ਼ਵਾਸ ਵੀ ਮਿਲਿਆ।

# ਅਮਰੀਕਾ-ਇਜ਼ਰਾਈਲ ਤੋਂ ਬਾਅਦ ਤੁਰਕੀ ਨੇ ਵੀ ਸੀਰੀਆ 'ਤੇ ਕੀਤਾ ਹਮਲਾ



ਦਮਿਸ਼ਕ, 10 ਦਸੰਬਰ (ਪੋਸਟ ਬਿਊਰੋ): ਸੀਰੀਆ ਵਿੱਚ ਅਸਦ ਸਰਕਾਰ ਦੇ ਡਿੱਗਣ ਤੋਂ ਬਾਅਦ ਦੂਜੇ ਦੇਸ਼ਾਂ ਵੱਲੋਂ ਹਮਲੇ ਤੇਜ਼ ਹੋ ਗਏ ਹਨ। ਇਜ਼ਰਾਈਲ ਨੇ ਸੀਰੀਆ ਦੇ ਦੱਖਣੀ ਖੇਤਰ 'ਤੇ ਹਮਲਾ ਕੀਤਾ ਹੈ, ਅਮਰੀਕਾ ਨੇ ਕੇਂਦਰੀ ਖੇਤਰ 'ਤੇ ਹਮਲਾ ਕੀਤਾ ਹੈ ਅਤੇ ਤੁਰਕੀ ਨਾਲ ਜੁੜੇ ਬਾਗੀ ਬਲਾਂ ਨੇ ਉੱਤਰੀ ਖੇਤਰ 'ਤੇ ਹਮਲਾ ਕੀਤਾ ਹੈ।

ਜਾਣਕਾਰੀ ਮੁਤਾਬਕ ਤੁਰਕੀ ਦੇ ਬਾਗੀ ਬਲਾਂ ਨੇ ਸੀਰੀਆ ਦੇ ਉੱਤਰੀ ਇਲਾਕੇ ਮਨਬਿਜ 'ਤੇ ਕਬਜ਼ਾ ਕਰ ਲਿਆ ਹੈ। ਕੁਰਦਿਸ਼ ਸੀਰੀਅਨ ਡੈਮੋਕਰੇਟਿਕ ਫੋਰਸਿਜ਼ (ਐੱਸਐੱਫਡੀ) ਨੇ 2016 ਵਿੱਚ ਆਈਐੱਸਆਈਐੱਸ ਨੂੰ ਹਰਾ ਕੇ ਮਨਬਿਜ ਦਾ ਕੰਟਰੋਲ ਹਾਸਿਲ ਕੀਤਾ ਸੀ।

ਅਮਰੀਕਾ ਅਤੇ ਤੁਰਕੀ ਵਿਚਕਾਰ ਸੋਮਵਾਰ ਨੂੰ ਮਨਬਿਜ ਵਿੱਚ ਐੱਸਡੀਐੱਫ ਦੀ ਹਾਰ ਤੋਂ ਬਾਅਦ ਕੁਰਦ ਲੜਾਕਿਆਂ ਦੀ ਸੁਰੱਖਿਅਤ ਨਿਕਾਸੀ ਲਈ ਇੱਕ ਸਮਝੌਤਾ ਹੋਇਆ ਸੀ। ਇਸ ਦੌਰਾਨ ਤੁਰਕੀ ਦੇ ਰਾਸ਼ਟਰਪਤੀ ਰੇਸੇਪ ਏਰਦੋਗਨ ਨੇ ਇਸ ਜਿੱਤ 'ਤੇ ਕਿਹਾ ਕਿ ਉਹ ਮਨਬਿਜ ਤੋਂ 'ਅੱਤਵਾਦੀਆਂ' ਦੇ ਖਾਤਮੇ ਤੋਂ ਖੁਸ਼ ਹਨ।

ਇਜ਼ਰਾਇਲੀ ਹਵਾਈ ਫੌਜ ਦੇ ਲੜਾਕੂ ਜਹਾਜ਼ਾਂ ਨੇ ਸੋਮਵਾਰ ਨੂੰ ਸੀਰੀਆ 'ਚ 100 ਤੋਂ ਵੱਧ ਹਵਾਈ ਹਮਲੇ ਕੀਤੇ। ਅਲ ਜਜ਼ੀਰਾ ਮੁਤਾਬਕ ਇਹ ਹਮਲੇ ਰਾਜਧਾਨੀ ਦਮਿਸ਼ਕ ਦੇ ਨੇੜੇ ਬਰਜਾਹ ਵਿਗਿਆਨਕ ਖੋਜ ਕੇਂਦਰ ਨੇੜੇ ਹੋਏ।

ਇਜ਼ਰਾਈਲ ਦੇ ਵਿਦੇਸ਼ ਮੰਤਰੀ ਗਿਡੋਨ ਸਾਰ ਨੇ ਮੰਨਿਆ ਹੈ ਕਿ ਇਜ਼ਰਾਈਲ ਨੇ ਹਥਿਆਰਾਂ ਦੇ ਟਿਕਾਣਿਆਂ 'ਤੇ ਹਮਲਾ ਕੀਤਾ ਹੈ। ਦਰਅਸਲ ਪੱਛਮੀ ਦੇਸ਼ਾਂ ਨੂੰ ਡਰ ਹੈ ਕਿ ਅਸਦ ਸਰਕਾਰ ਨੇ ਇੱਥੇ ਰਸਾਇਣਕ ਹਥਿਆਰ ਛੁਪਾਏ ਹੋਏ ਹਨ। ਹੁਣ ਇਜ਼ਰਾਈਲ ਨੂੰ ਡਰ ਹੈ ਕਿ ਇਹ ਹਥਿਆਰ ਸੀਰੀਆਈ ਬਾਗੀਆਂ ਦੇ ਹੱਥ ਲੱਗ ਸਕਦੇ ਹਨ।

ਇਸ ਤੋਂ ਪਹਿਲਾਂ 50 ਸਾਲਾਂ 'ਚ ਪਹਿਲੀ ਵਾਰ ਇਜ਼ਰਾਈਲ ਨੇ ਸੀਰੀਆ ਦੀ ਸਰਹੱਦ ਪਾਰ ਕਰਕੇ ਗੋਲਾਨ ਹਾਈਟਸ ਇਲਾਕੇ 'ਚ ਆਪਣੀ ਫੌਜ ਭੇਜ ਕੇ ਬਫਰ ਜ਼ੋਨ 'ਤੇ ਕਬਜ਼ਾ ਕਰ ਲਿਆ ਸੀ। ਅਲਜਜ਼ੀਰਾ ਨੇ ਲੇਬਨਾਨ ਨਾਲ ਜੁੜੀਆਂ ਮੀਡੀਆ ਰਿਪੋਰਟਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਹੈ ਕਿ ਇਜ਼ਰਾਇਲੀ ਫੌਜ ਹੁਣ ਬਫਰ ਜ਼ੋਨ ਦੀਆਂ ਸੀਮਾਵਾਂ ਤੋਂ ਬਾਹਰ ਚਲੀ ਗਈ ਹੈ।

# ਜ਼ੇਲੇਂਸਕੀ ਸੁਰੱਖਿਆ ਗਰੰਟੀ ਤੋਂ ਬਿਨ੍ਹਾਂ ਸੀਜ਼ਫਾਇਰ ਨਹੀਂ ਮੰਨਣਗੇ

## ਕਿਹਾ- ਸਿਰਫ਼ ਕਾਗਜ਼ ਦੇ ਟੁਕੜੇ 'ਤੇ ਦਸਤਖਤ ਕਰਨ ਨਾਲ ਨਹੀਂ ਖ਼ਤਮ ਹੋਵੇਗੀ ਜੰਗ



ਕੀਵ, 10 ਦਸੰਬਰ (ਪੋਸਟ ਬਿਊਰੋ): ਯੂਕਰੇਨ ਦੇ ਰਾਸ਼ਟਰਪਤੀ ਵੋਲਾਦੀਮੀਰ ਜ਼ੇਲੇਂਸਕੀ ਨੇ ਤੁਰੰਤ ਜੰਗਬੰਦੀ ਦੀ ਡੋਨਾਲਡ ਟਰੰਪ ਦੀ ਮੰਗ ਨੂੰ ਠੁਕਰਾ ਦਿੱਤਾ ਹੈ। ਜ਼ੇਲੇਂਸਕੀ ਦਾ ਕਹਿਣਾ ਹੈ ਕਿ ਜਦੋਂ ਤੱਕ ਸਾਨੂੰ ਸੁਰੱਖਿਆ ਦੀ ਗਰੰਟੀ ਨਹੀਂ ਮਿਲਦੀ, ਅਸੀਂ ਜੰਗਬੰਦੀ ਨੂੰ ਸਵੀਕਾਰ ਨਹੀਂ ਕਰਾਂਗੇ। ਮਾਸਕੋ ਨਾਲ ਸਾਡੀ ਜੰਗ ਸਿਰਫ਼ ਕਾਗਜ਼ ਦੇ ਟੁਕੜੇ 'ਤੇ ਦਸਤਖਤ ਕਰਨ ਨਾਲ ਖ਼ਤਮ ਨਹੀਂ ਹੋਵੇਗੀ।

ਟੈਲੀਗ੍ਰਾਮ 'ਤੇ ਪੋਸਟ ਕੀਤੀ ਗਈ ਵੀਡੀਓ ਵਿੱਚ, ਜ਼ੇਲੇਨਸਕੀ ਨੇ ਕਿਹਾ ਕਿ ਜੰਗ ਅੰਤਹੀਣ ਨਹੀਂ ਹੋਣੀ ਚਾਹੀਦੀ, ਪਰ ਸ਼ਾਂਤੀ ਸਥਾਈ ਅਤੇ ਭਰੋਸੇਮੰਦ ਹੋਣੀ ਚਾਹੀਦੀ ਹੈ। ਕੀਵ ਨੂੰ ਰੂਸ ਤੋਂ ਬਚਾਉਣ ਲਈ, ਇੱਕ ਸਥਾਈ ਸ਼ਾਂਤੀ ਦੀ ਲੋੜ ਹੈ। ਜਿਸ ਨੂੰ ਰੂਸ ਕੁਝ ਹੀ ਸਾਲਾਂ ਵਿਚ ਖਤਮ ਨਹੀਂ ਕਰ ਸਕੇਗਾ, ਜੋ ਉਹ ਪਹਿਲਾਂ ਵੀ ਕਈ ਵਾਰ ਕਰ ਚੁੱਕਾ ਹੈ।

ਯੂਕਰੇਨ ਦੇ ਰਾਸ਼ਟਰਪਤੀ ਦਾ ਕਹਿਣਾ ਹੈ ਕਿ ਜੰਗ ਨੇ ਯੂਕਰੇਨ ਨੂੰ ਤਬਾਹ ਕਰ ਦਿੱਤਾ ਹੈ, ਹਜ਼ਾਰਾਂ ਲੋਕ ਮਾਰੇ ਗਏ ਹਨ ਅਤੇ ਲੱਖਾਂ ਲੋਕ ਦੇਸ਼ ਛੱਡ ਕੇ ਭੱਜ ਗਏ ਹਨ। ਰੂਸ ਨੇ ਸਾਨੂੰ ਜੰਗ ਵਿੱਚ ਘਸੀਟਿਆ ਹੈ ਅਤੇ ਇਹ ਸ਼ਾਂਤੀ ਦੇ ਰਾਹ ਵਿੱਚ ਖੜ੍ਹਾ ਹੈ। ਸਾਡੇ ਪੱਛਮੀ ਸਹਿਯੋਗੀਆਂ ਨੂੰ ਰੂਸੀ ਕਬਜ਼ੇ ਵੱਲ ਅੱਖ ਨਹੀਂ ਮੋੜਨੀ ਚਾਹੀਦੀ। ਅਸੀਂ ਸਿਰਫ਼ ਉਸ ਸਮਝੌਤੇ ਨੂੰ ਸਵੀਕਾਰ ਕਰਾਂਗੇ ਜੋ ਸਾਡੇ ਦੇਸ਼ ਵਿੱਚ ਲੰਬੇ ਸਮੇਂ ਲਈ ਸ਼ਾਂਤੀ ਲਿਆਵੇਗਾ।

## ਰੂਸ ਨੇ ਗਾਈਡਡ ਮਿਜ਼ਾਈਲ ਨਾਲ ਲੈਸ ਆਈਐੱਨਐੱਸ-ਤੁਸ਼ੀਲ ਭਾਰਤ ਨੂੰ ਸੌਂਪਿਆ



ਮਾਸਕੋ, 10 ਦਸੰਬਰ (ਪੋਸਟ ਬਿਊਰੋ): ਆਧੁਨਿਕ ਮਲਟੀ-ਰੋਲ ਸਟੀਲਥ-ਗਾਈਡਿਡ ਮਿਜ਼ਾਈਲ ਫ੍ਰੀਗੇਟ' ਆਈਐੱਨਐੱਸ ਤੁਸ਼ੀਲ' ਸੋਮਵਾਰ ਨੂੰ ਭਾਰਤੀ ਜਲ ਸੈਨਾ ਵਿੱਚ ਸ਼ਾਮਿਲ ਹੋ ਗਿਆ। ਜਾਣਕਾਰੀ ਮੁਤਾਬਕ ਰੂਸ ਦੇ ਤੱਟਵਰਤੀ ਸ਼ਹਿਰ ਕੈਲਿਨਿਨਗ੍ਰਾਦ 'ਚ ਰੱਖਿਆ ਮੰਤਰੀ ਰਾਜਨਾਥ ਸਿੰਘ ਅਤੇ ਐਡਮਿਰਲ ਦਿਨੇਸ਼ ਤ੍ਰਿਪਾਠੀ ਦੀ ਮੌਜੂਦਗੀ 'ਚ ਇਹ ਜੰਗੀ ਬੇੜਾ ਭਾਰਤ ਨੂੰ ਸੌਂਪਿਆ ਗਿਆ।

ਆਈਐੱਨਐੱਸ ਤੁਸ਼ੀਲ ਕਈ ਆਧੁਨਿਕ ਹਥਿਆਰਾਂ ਨਾਲ ਲੈਸ ਹੈ। ਇਨ੍ਹਾਂ ਵਿੱਚ ਬ੍ਰਹਮੋਸ ਸੁਪਰਸੋਨਿਕ ਕਰੂਜ਼ ਮਿਜ਼ਾਈਲ, ਉੱਚ ਰੇਂਜ ਦੀ ਸਤ੍ਹਾ ਤੋਂ ਹਵਾ ਵਿੱਚ ਮਾਰ ਕਰਨ ਵਾਲੀ ਮਿਜ਼ਾਈਲ ਅਤੇ ਏਅਰਕ੍ਰਾਫਟ ਗੰਨ ਸ਼ਾਮਿਲ ਹਨ। ਇਸ ਤੋਂ ਇਲਾਵਾ ਇਸ ਜੰਗੀ ਬੇੜੇ 'ਚ ਕੰਟਰੋਲ ਨਜ਼ਦੀਕੀ ਦੂਰੀ ਦੇ ਰੈਪਿਡ ਫਾਇਰ ਗਨ ਸਿਸਟਮ, ਪਣਡੁੱਬੀ ਨੂੰ ਮਾਰਨ ਵਾਲੇ ਟਾਰਪੀਡੋ ਸਮੇਤ ਕਈ ਉੱਨਤ ਰਾਕੇਟ ਵੀ ਹਨ। ਜੰਗੀ ਬੇੜੇ ਦਾ ਡਿਜ਼ਾਈਨ ਇਸ ਨੂੰ ਰਡਾਰ ਚੋਰੀ ਸਮਰੱਥਾ ਅਤੇ ਬਿਹਤਰ ਸਥਿਰਤਾ ਪ੍ਰਦਾਨ ਕਰਦਾ ਹੈ।

2016 ਵਿੱਚ, ਭਾਰਤ ਅਤੇ ਰੂਸ ਵਿਚਕਾਰ 4 ਸਟੀਲਥ ਫ੍ਰੀਗੇਟਾਂ ਲਈ 2.5 ਬਿਲੀਅਨ ਡਾਲਰ (ਲਗਭਗ 21 ਹਜ਼ਾਰ ਕਰੋੜ ਰੁਪਏ) ਦਾ ਇੱਕ ਸੌਦਾ ਹੋਇਆ ਸੀ। ਇਨ੍ਹਾਂ ਵਿੱਚੋਂ 2 ਜੰਗੀ ਬੇੜੇ ਰੂਸ ਅਤੇ 2 ਗੋਆ ਸ਼ਿਪਯਾਰਡ ਵਿੱਚ ਬਣਾਏ ਜਾਣੇ ਹਨ। ਤੁਸ਼ੀਲ ਦੀ ਡਿਲੀਵਰੀ ਤੋਂ ਬਾਅਦ, ਰੂਸ ਜੂਨ-ਜੁਲਾਈ 2025 ਵਿੱਚ ਤਮਾਲ ਨੂੰ ਭਾਰਤ ਨੂੰ ਸੌਂਪ ਦੇਵੇਗਾ।

ਰੱਖਿਆ ਮੰਤਰੀ ਨੇ ਕਿਹਾ ਕਿ ਆਈਐੱਨਐੱਸ ਤੁਸ਼ੀਲ ਭਾਰਤ ਦੀ ਸਮੁੰਦਰੀ ਸ਼ਕਤੀ ਨੂੰ ਵਧਾਏਗਾ। ਉਨ੍ਹਾਂ ਨੇ ਇਸ ਨੂੰ ਰੂਸੀ ਅਤੇ ਭਾਰਤੀ ਉਦਯੋਗਾਂ ਦੀ ਸਫਲ ਸਾਂਝੇਦਾਰੀ ਅਤੇ ਦੋਹਾਂ ਦੇਸ਼ਾਂ ਦਰਮਿਆਨ ਲੰਬੇ ਸਮੇਂ ਤੋਂ ਚੱਲੀ ਆ ਰਹੀ ਦੋਸਤੀ ਦਾ ਮੀਲ ਪੱਥਰ ਦੱਸਿਆ। ਰੱਖਿਆ ਮੰਤਰੀ ਨੇ ਜਹਾਜ਼ਾਂ ਵਿੱਚ 'ਮੇਡ ਇਨ ਇੰਡੀਆ' ਸਮੱਗਰੀ ਵਧਣ 'ਤੇ ਵੀ ਖੁਸ਼ੀ ਪ੍ਰਗਟਾਈ।

# ਝਾਰਖੰਡ 'ਚ ਨਾਬਾਲਿਗ ਬੇਟੀ ਸਮੇਤ ਮਾਂ ਨੂੰ ਜੁੱਤੀਆਂ-ਚੱਪਲਾਂ ਦੇ ਹਾਰ ਪਾ ਕੇ ਪਿੰਡ 'ਚ ਘੁੰਮਾਇਆ



ਗੋਮੀਆ, 10 ਦਸੰਬਰ (ਪੋਸਟ ਬਿਊਰੋ): ਸੋਮਵਾਰ ਨੂੰ ਗੋਮੀਆ ਥਾਣਾ ਅਧੀਨ ਪੈਂਦੇ ਮਹਾਵੀਰ ਸਥਾਨ 'ਚ ਪਿੰਡ ਦੀ ਇਕ ਲੜਕੀ ਨੂੰ ਜੁੱਤੀਆਂ ਅਤੇ ਚੱਪਲਾਂ ਦੀ ਮਾਲਾ ਬਣਾ ਕੇ ਜ਼ਲੀਲ ਕਰਨ ਅਤੇ ਉਸ ਨਾਲ ਕੁੱਟਮਾਰ ਕਰਨ ਦੇ ਮਾਮਲੇ ਦਾ ਬਾਲ ਭਲਾਈ ਕਮੇਟੀ ਨੇ ਨੋਟਿਸ ਲਿਆ ਹੈ।

ਪੁਲਿਸ ਸੁਪਰਡੈਂਟ ਬੋਕਾਰੋ, ਸਪੈਸ਼ਲ ਨਾਬਾਲਗ ਪੁਲਿਸ ਅਧਿਕਾਰੀ ਬੋਕਾਰੋ, ਜ਼ਿਲ੍ਹਾ ਬਾਲ ਸੁਰੱਖਿਆ ਅਧਿਕਾਰੀ ਬੋਕਾਰੋ ਨੂੰ ਵੀ ਇਸ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ। ਜ਼ਿਲ੍ਹਾ ਬਾਲ ਕਲਿਆਣ ਕਮੇਟੀ ਦੇ ਚੇਅਰਮੈਨ ਸ਼ੰਕਰ ਰਵਾਨੀ ਨੇ ਕਿਹਾ ਕਿ ਇਹ ਮਾਮਲਾ ਨਿੰਦਣਯੋਗ ਹੈ ਅਤੇ ਸਬੰਧਤ ਥਾਣੇ ਵਿੱਚ ਕੇਸ ਦਰਜ ਕਰ ਲਿਆ ਗਿਆ ਹੈ। ਜਾਂਚ ਦੇ ਨਾਲ-ਨਾਲ ਸਬੰਧਤ ਅਧਿਕਾਰੀਆਂ ਨੂੰ ਪੀੜਤਾ ਨੂੰ ਤੁਰੰਤ ਬਾਲ ਭਲਾਈ ਕਮੇਟੀ ਦੇ ਸਾਹਮਣੇ ਪੇਸ਼ ਕਰਨ ਦੇ ਨਿਰਦੇਸ਼ ਵੀ ਦਿੱਤੇ ਗਏ ਹਨ। ਪ੍ਰਸ਼ਾਸਨ ਸਮੇਤ ਬਾਲ ਭਲਾਈ ਕਮੇਟੀ ਨੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਦੂਜੇ ਪਾਸੇ ਸੋਮਵਾਰ ਸਵੇਰੇ ਪੀੜਤ ਪਰਿਵਾਰ ਗੋਮੀਆ ਥਾਣੇ ਪਹੁੰਚਿਆ ਅਤੇ ਪੁਲਸ ਤੋਂ ਸੁਰੱਖਿਆ ਦੀ ਮੰਗ ਕੀਤੀ। ਪੀੜਤ ਨੇ ਦੱਸਿਆ ਕਿ ਮਾਮਲਾ ਡੇਢ ਮਹੀਨਾ ਪੁਰਾਣਾ ਹੈ। ਜਦੋਂ ਉਹ ਪਿੰਡ ਦੇ ਹੀ ਕਿਸੇ ਦੋਸਤ ਨਾਲ ਰਿਸ਼ਤੇਦਾਰ ਦੇ ਘਰ ਗਈ ਹੋਈ ਸੀ। ਇਸ ਦੌਰਾਨ ਦੋਸਤ ਦੇ ਰਿਸ਼ਤੇਦਾਰਾਂ ਨੇ ਗੋਮੀਆ ਥਾਣੇ ਵਿੱਚ ਗੁੰਮਸ਼ੁਦਗੀ ਦਾ ਕੇਸ ਦਰਜ ਕਰਵਾਇਆ। ਜਦੋਂ ਉਹ ਦੋ ਦਿਨਾਂ ਬਾਅਦ ਵਾਪਿਸ ਆਈ ਤਾਂ ਉਹ ਥਾਣੇ ਗਈ। ਥਾਣੇ ਵਿੱਚ ਬਿਨ੍ਹਾਂ ਕਿਸੇ ਦੋਸ਼ ਜਾਂ ਜਵਾਬੀ ਦੋਸ਼ਾਂ ਤੋਂ ਮਾਮਲਾ ਸੁਲਝਾ ਲਿਆ ਗਿਆ। ਪੀੜਤਾ ਨੇ ਦੱਸਿਆ ਕਿ ਕਰੀਬ ਡੇਢ ਮਹੀਨੇ ਬਾਅਦ ਐਤਵਾਰ ਨੂੰ ਫਿਰ ਤੋਂ ਉਸ ਦੇ ਦੋਸਤ ਦੇ ਰਿਸ਼ਤੇਦਾਰ ਪਿੰਡ ਦੇ ਕੁਝ ਲੋਕਾਂ ਨਾਲ ਉਸ ਦੇ ਘਰ ਪਹੁੰਚੇ ਅਤੇ ਉਸ ਦੀ ਕੁੱਟਮਾਰ ਕੀਤੀ ਅਤੇ ਉਸ ਨਾਲ ਦੁਰਵਿਹਾਰ ਕੀਤਾ।

ਲੜਕੀ ਅਤੇ ਉਸ ਦੀ ਮਾਂ ਦਾ ਮੂੰਹ ਕਾਲਾ ਕੀਤਾ ਗਿਆ ਅਤੇ ਉਨ੍ਹਾਂ ਨੂੰ ਜੁੱਤੀਆਂ ਅਤੇ ਚੱਪਲਾਂ ਦੇ ਹਾਰ ਪਾ ਕੇ ਪਿੰਡ 'ਚ ਘੁਮਾ ਕੇ ਜ਼ਲੀਲ ਕੀਤਾ ਗਿਆ।

ਪੀੜਤ ਨੇ ਦੋਸ਼ ਲਾਇਆ ਕਿ ਇਸ ਦੌਰਾਨ ਕਈ ਲੋਕਾਂ ਨੇ ਫੋਟੋਆਂ ਖਿੱਚੀਆਂ ਅਤੇ ਵੀਡੀਓ ਵੀ ਬਣਾਈਆਂ। ਇਸ ਤੋਂ ਬਾਅਦ ਇਸ ਵੀਡੀਓ ਨੂੰ ਇੰਟਰਨੈੱਟ ਮੀਡੀਆ 'ਤੇ ਵੀ ਪ੍ਰਸਾਰਿਤ ਕੀਤਾ ਗਿਆ। ਪੀੜਤਾ ਨੇ ਦੱਸਿਆ ਕਿ ਇਸ ਦੇ ਨਾਲ ਹੀ ਮੁਲਜ਼ਮਾਂ ਨੇ ਉਸ ਨੂੰ ਪਿੰਡ ਤੋਂ ਭੱਜਣ ਦੀ ਧਮਕੀ ਵੀ ਦਿੱਤੀ। ਨਾ ਭੱਜਣ 'ਤੇ ਲੜਕੀ ਅਤੇ ਉਸ ਦੀ ਮਾਂ ਨੂੰ ਜਬਰ ਜਨਾਹ ਅਤੇ ਕਤਲ ਦੀ ਧਮਕੀ ਵੀ ਦਿੱਤੀ ਗਈ ਹੈ। ਘਟਨਾ ਤੋਂ ਬਾਅਦ ਪੀੜਤ ਘਰ ਵਿੱਚ ਲੁਕੇ ਰਹੇ। ਇਸ ਘਟਨਾ ਤੋਂ ਬਾਅਦ ਦੋਵੇਂ ਐਤਵਾਰ ਨੂੰ ਪੂਰੀ ਰਾਤ ਆਪਣੇ ਘਰ ਵਿੱਚ ਲੁਕੇ ਰਹੇ। ਦੋਸ਼ ਹੈ ਕਿ ਇਸ ਦੌਰਾਨ ਵੀ ਮੁਲਜ਼ਮਾਂ ਨੇ ਉਸ ਦੀ ਕਾਫੀ ਭਾਲ ਕੀਤੀ। ਕਿਸੇ ਤਰ੍ਹਾਂ ਰਾਤ ਕੱਟਣ ਤੋਂ ਬਾਅਦ ਸੋਮਵਾਰ ਸਵੇਰੇ ਪੰਜ ਵਜੇ ਦੋਵੇਂ ਗੋਮੀਆ ਥਾਣੇ ਪਹੁੰਚੇ ਅਤੇ ਪੁਲਿਸ ਨੂੰ ਸੁਰੱਖਿਆ ਦੀ ਅਪੀਲ ਕੀਤੀ।

ਘਟਨਾ ਬਾਰੇ ਗੋਮੀਆ ਥਾਣਾ ਇੰਚਾਰਜ ਨੇ ਐਤਵਾਰ ਨੂੰ ਕਿਹਾ ਸੀ ਕਿ ਉਨ੍ਹਾਂ ਨੂੰ ਅਜਿਹੀ ਕਿਸੇ ਘਟਨਾ ਦੀ ਜਾਣਕਾਰੀ ਨਹੀਂ ਹੈ। ਦੂਜੇ ਪਾਸੇ ਸਵੰਗ ਉੱਤਰੀ ਪੰਚਾਇਤ ਦੇ ਸਾਬਕਾ ਉਪ ਪ੍ਰਧਾਨ ਰਾਜੂ ਕੁਮਾਰ ਚੌਹਾਨ ਸਮੇਤ ਕਈ ਲੋਕਾਂ ਨੇ ਇਸ ਪੂਰੇ ਮਾਮਲੇ ਨੂੰ ਸਮਾਜ ਵਿਰੋਧੀ ਦੱਸਿਆ। ਉਨ੍ਹਾਂ ਦੁੱਖ ਪ੍ਰਗਟ ਕਰਦਿਆਂ ਦੋਸ਼ੀਆਂ ਖਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ।

# ਟੋ ਟਰੱਕ ਡਰਾਈਵਰਾਂ ਖਿਲਾਫ 19 ਚਾਰਜਿਜ਼ ਲਗਾਏ

ਪੰਨਾ 1 ਦਾ ਬਾਕੀ

ਪੁਲਿਸ ਦਾ ਕਹਿਣਾ ਹੈ ਕਿ ਮੁੱਖ ਮੁੱਦਿਆਂ ਵਿੱਚ ਉਚਿਤ ਜਾਣਕਾਰੀ ਪ੍ਰਦਾਨ ਕਰਨਾ, ਸੇਵਾਵਾਂ ਲਈ ਸਹਿਮਤੀ ਅਤੇ ਜਾਂਚ ਪ੍ਰੋਟੋਕਾਲ ਦਾ ਅਨੁਪਾਲਨ ਸ਼ਾਮਿਲ ਹੈ। ਓਟਵਾ ਪੁਲਿਸ ਦੇ ਕਾਰਜਕਾਰੀ ਸਾਰਜੈਂਟ ਏਮੀ ਗਗਨਨ ਨੇ ਕਿਹਾ ਕਿ ਇਹ ਇੰਫੋਰਸਮੈਂਟ ਪਹਿਲ ਨਿਵਾਸੀਆਂ ਨੂੰ ਟੋਇੰਗ ਉਦਯੋਗ ਵਿੱਚ ਗੈਰਕਾਨੂੰਨੀ ਵਿਵਸਥਾਂਵਾਂ ਤੋਂ ਬਚਾਉਣ ਲਈ ਸਾਡੀ ਪ੍ਰਤੀਬਧਤਾ ਨੂੰ ਦਰਸਾਉਂਦੀ ਹੈ।

ਉਨ੍ਹਾਂ ਕਿਹਾ ਕਿ ਅਸੀਂ ਪਬਲਿਕ ਸੇਫਟੀ ਅਤੇ ਜਵਾਬਦੇਹੀ ਨੂੰ ਪਹਿਲ ਦੇਣ ਵਾਲੇ ਨਿਯਮਾਂ ਦਾ ਅਨੁਪਾਲਨ ਯਕੀਨੀ ਕਰਨ ਲਈ ਸਮਰਪਤ ਹਾਂ।


TAX & ACCOUNTING

TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX

ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ


Harcharan S. Grover
Chartered Accountant



Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9



ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ



Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to rgidda@allseas.net



SherGill Law Firm
Barrister, Solicitor & Notary Public

Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters

Paramjit Singh Gill (MBA,LL.B.)
Tel: 905-790-3636



2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

## ਨੇਤਨਯਾਹੂ ਪਹਿਲੀ ਵਾਰ ਭ੍ਰਿਸ਼ਟਾਚਾਰ ਦੇ ਕੇਸ ਵਿੱਚ ਦੇਣਗੇ ਗਵਾਹੀ, ਧੋਖਾਧੜੀ, ਵਿਸ਼ਵਾਸਘਾਤ ਅਤੇ ਰਿਸ਼ਵਤ ਲੈਣ ਦੇ ਦੋਸ਼



ਤਲਅਵੀਵ, 10 ਦਸੰਬਰ (ਪੋਸਟ ਬਿਊਰੋ): ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਭ੍ਰਿਸ਼ਟਾਚਾਰ ਦੇ ਦੋਸ਼ਾਂ 'ਤੇ ਗਵਾਹੀ ਦੇਣ ਲਈ ਮੰਗਲਵਾਰ ਨੂੰ ਪਹਿਲੀ ਵਾਰ ਅਦਾਲਤ 'ਚ ਪੇਸ਼ ਹੋਣਗੇ। ਉਹ ਇਜ਼ਰਾਈਲ ਵਿੱਚ ਧੋਖਾਧੜੀ, ਭਰੋਸੇ ਦੀ ਉਲੰਘਣਾ ਅਤੇ ਰਿਸ਼ਵਤਖੋਰੀ ਦੇ ਤਿੰਨ ਵੱਖ-ਵੱਖ ਮਾਮਲਿਆਂ ਵਿੱਚ ਮੁਕੱਦਮੇ ਦਾ ਸਾਹਮਣਾ ਕਰ ਰਹੇ ਹਨ। ਨੇਤਨਯਾਹੂ ਨੇ ਕਿਸੇ ਵੀ ਗਲਤ ਕੰਮ ਤੋਂ ਇਨਕਾਰ ਕੀਤਾ ਹੈ।

ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੇ ਗਾਜ਼ਾ ਯੁੱਧ ਅਤੇ ਸੁਰੱਖਿਆ ਚਿੰਤਾਵਾਂ ਦਾ ਹਵਾਲਾ ਦਿੰਦੇ ਹੋਏ ਕਾਰਵਾਈ ਵਿੱਚ ਦੇਰੀ ਦੀ ਵਾਰ-ਵਾਰ ਮੰਗ ਕੀਤੀ ਹੈ। ਹਾਲਾਂਕਿ ਅਦਾਲਤ ਨੇ ਮੰਗਲਵਾਰ ਨੂੰ ਸੁਣਵਾਈ ਮੁੜ ਸ਼ੁਰੂ ਕਰਨ ਦਾ ਹੁਕਮ ਦਿੱਤਾ ਹੈ। ਪ੍ਰਧਾਨ ਮੰਤਰੀ ਦੀ ਸੁਰੱਖਿਆ ਦਾ ਹਵਾਲਾ ਦਿੰਦੇ ਹੋਏ ਅਦਾਲਤ ਦੀ ਕਾਰਵਾਈ ਨੂੰ ਰਾਜਧਾਨੀ ਤਲਅਵੀਵ ਦੇ ਭੂਮੀਗਤ ਚੈਂਬਰ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ।

2020 ਵਿੱਚ ਸ਼ੁਰੂ ਹੋਏ ਮੁਕੱਦਮੇ ਵਿੱਚ ਤਿੰਨ ਵੱਖਰੇ ਕੇਸ ਸ਼ਾਮਿਲ ਹਨ। ਇਸ 'ਚ ਨੇਤਨਯਾਹੂ 'ਤੇ ਆਪਣੇ ਪੱਖ 'ਚ ਖਬਰਾਂ ਪ੍ਰਕਾਸ਼ਿਤ ਕਰਨ ਦੇ ਬਦਲੇ ਮੀਡੀਆ ਦੇ ਲੋਕਾਂ ਨੂੰ ਸਿਆਸੀ ਲਾਭ ਦੇਣ ਦਾ ਦੋਸ਼ ਹੈ। ਮਹਿੰਗੇ ਤੋਹਫਿਆਂ ਦੇ ਬਦਲੇ ਇੱਕ ਅਰਬਪਤੀ ਹਾਲੀਵੁੱਡ ਨਿਰਦੇਸ਼ਕ ਨੂੰ ਫਾਇਦਾ ਹੋਇਆ।

ਇਨ੍ਹਾਂ ਸਾਰੇ ਮਾਮਲਿਆਂ ਵਿੱਚ 140 ਲੋਕਾਂ ਨੂੰ ਗਵਾਹੀ ਲਈ ਬੁਲ-ਾਇਆ ਗਿਆ ਹੈ। ਗਵਾਹਾਂ ਵਿੱਚ ਨੇਤਨਯਾਹੂ ਦੇ ਕੁਝ ਵਿਸ਼ਵਾਸਪਾਤਰ ਸ਼ਾਮਿਲ ਹਨ ਜੋ ਉਸਦੇ ਵਿਰੁੱਧ ਹੋ ਗਏ ਸਨ। ਇਨ੍ਹਾਂ ਵਿੱਚ ਸਾਬਕਾ ਪ੍ਰਧਾਨ ਮੰਤਰੀ ਯੇਅਰ ਲੈਪਿਡ ਅਤੇ ਕਈ ਮੀਡੀਆ ਹਸਤੀਆਂ ਸ਼ਾਮਿਲ ਹਨ। ਵਕੀਲਾਂ ਨੇ ਰਿਕਾਰਡਿੰਗ, ਪੁਲਿਸ ਦਸਤਾਵੇਜ਼ ਅਤੇ ਟੈਕਸਟ ਮੈਸੇਜ ਸਮੇਤ ਕਈ ਸਬੂਤ ਪੇਸ਼ ਕੀਤੇ ਹਨ।

ਵਰਤਮਾਨ ਵਿੱਚ, ਘੱਟੋ ਘੱਟ 2026 ਤੱਕ ਇਸ ਮਾਮਲੇ ਵਿੱਚ ਫੈਸਲੇ ਦੀ ਉਮੀਦ ਨਹੀਂ ਹੈ। ਇਸ ਤੋਂ ਬਾਅਦ ਨੇਤਨਯਾਹੂ ਸੁਪਰੀਮ ਕੋਰਟ 'ਚ ਵੀ ਅਪੀਲ ਕਰ ਸਕਦੇ ਹਨ।

## ਬੱਚਿਆਂ ਦੀ ਦੇਖਭਾਲ ਕਰਨ ਵਾਲੀਆਂ ਸੰਸਥਾਵਾਂ ਦਾ ਰਜਿਸਟਰਡ ਹੋਣਾ ਲਾਜ਼ਮੀ

### ਰਜਿਸਟ੍ਰੇਸ਼ਨ ਲਈ ਸੰਸਥਾਵਾਂ 18 ਦਸੰਬਰ ਤੱਕ ਬਾਲ ਸੁਰੱਖਿਆ ਯੂਨਿਟ ਨਾਲ ਕਰਨ ਸੰਪਰਕ



ਮੋਗਾ, 10 ਦਸੰਬਰ (ਗਿਆਨ ਸਿੰਘ): ਚਾਰੂਮਿਤਾ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੱਚਿਆਂ ਦੀ ਸੁਰੱਖਿਆ ਅਤੇ ਸੰਭਾਲ ਲਈ ਕੰਮ ਕਰ ਰਹੀਆਂ ਸਾਰੀਆਂ ਸਰਕਾਰੀ/ਗੈਰ-ਸਰਕਾਰੀ ਸੰਸਥਾਵਾਂ ਦਾ ਜੁਵੇਨਾਈਲ ਜਸਟਿਸ (ਕੇਅਰ ਐਂਡ ਪ੍ਰੋਟੈਕਸ਼ਨ ਆਫ ਚਿਲਡਰਨ) ਐਕਟ-2015 ਦੀ ਧਾਰਾ 41(1) ਤਹਿਤ ਰਜਿਸਟਰਡ ਹੋਣਾ ਲਾਜ਼ਮੀ ਹੈ।

ਉਨਾਂ ਦੱਸਿਆ ਕਿ ਜੇਕਰ ਕੋਈ ਸੰਸਥਾ ਅਜਿਹਾ ਨਹੀਂ ਕਰਦੀ ਹੈ ਤਾਂ ਸੰਸਥਾ ਵਿਰੁੱਧ ਜੁਵੇਨਾਈਲ ਜਸਟਿਸ (ਕੇਅਰ ਐਂਡ ਪ੍ਰੋਟੈਕਸ਼ਨ ਆਫ਼ ਚਿਲਡਰਨ) ਐਕਟ 2015 ਦੀ ਧਾਰਾ 42 ਤਹਿਤ ਕਾਰਵਾਈ ਕੀਤੀ ਜਾਵੇਗੀ। ਜੇਕਰ ਜ਼ਿਲਾ ਵਿੱਚ ਕੋਈ ਵੀ ਸੰਸਥਾ ਲੋੜਵੰਦ ਬੱਚਿਆਂ ਦੀ ਸਾਂਭ-ਸੰਭਾਲ ਅਤੇ ਸੁਰੱਖਿਆ ਲਈ ਕੰਮ ਕਰ ਰਹੀ ਹੋਵੇ ਜਾਂ ਕੰਮ ਕਰਨ ਦੀ ਇਛੁੱਕ ਹੋਵੇ ਪਰ ਜੁਵੇਨਾਈਲ ਜਸਟਿਸ (ਕੇਅਰ ਐਂਡ ਪ੍ਰੋਟੈਕਸ਼ਨ ਆਫ ਚਿਲਡਰਨ) ਐਕਟ 2015 ਦੀ ਧਾਰਾ 41(1) ਤਹਿਤ ਰਜਿਸਟਰਡ ਨਾ ਹੋਈ ਹੋਵੇ, ਅਜਿਹੀ ਸੰਸਥਾ ਵੱਲੋਂ ਆਪਣੀ ਰਜਿਸਟ੍ਰੇਸ਼ਨ ਕਰਵਾਉਣ ਲਈ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ/ਜ਼ਿਲਾ ਬਾਲ ਸੁਰੱਖਿਆ ਅਫ਼ਸਰ, ਮੋਗਾ ਨਾਲ 18 ਦਸੰਬਰ, 2024 ਤੱਕ ਸੰਪਰਕ ਕੀਤਾ ਜਾ ਸਕਦਾ ਹੈ।

ਉਨਾਂ ਦੱਸਿਆ ਕਿ ਜ਼ਿਲਾ ਬਾਲ ਸੁਰੱਖਿਆ ਯੂਨਿਟ, ਮੋਗਾ ਦਾ ਦਫ਼ਤਰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਗਰਾਊਂਡ ਫਲੋਰ ਉੱਪਰ ਕਮਰਾ ਨੰਬਰ ਬੀ-002,005 ਵਿੱਚ ਸਥਿਤ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਲਈ ਦਫ਼ਤਰ ਵਿਖੇ ਜਾਂ ਫਿਰ 01636-234447 ਅਤੇ 95018-22488 ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸ਼ਾਬਦਿਕ ਗ਼ਲਤੀਆਂ ਵਾਲੇ ਪ੍ਰਕਾਸ਼ਿਤ ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਦੇ ਸੰਸਕਰਣਾਂ ਨੂੰ ਤੁਰੰਤ ਨਸ਼ਟ ਕਰੋ : ਸੰਧਵਾਂ

### ਮਹਾਨ ਕੋਸ਼ ਵਿਚਲੀਆਂ ਤਰੁਟੀਆਂ ਬਾਰੇ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨਾਲ ਵਿਚਾਰ ਚਰਚਾ



ਚੰਡੀਗੜ੍ਹ, 10 ਦਸੰਬਰ (ਪੋਸਟ ਬਿਊਰੋ): ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਪੰਜਾਬੀ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਸ਼ਾਬਦਿਕ ਗਲਤੀਆਂ ਵਾਲੇ ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਦੇ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਸੰਸਕਰਨਾਂ ਨੂੰ ਨਸ਼ਟ ਕਰਨ ਲਈ ਤੁਰੰਤ ਕਾਰਵਾਈ ਕਰਨ ਦੀ ਵਕਾਲਤ ਕੀਤੀ।

ਸੰਧਵਾਂ ਨੇ ਪੰਜਾਬ ਵਿਧਾਨ ਸਭਾ ਸਕੱਤਰੇਤ ਵਿਖੇ ਵੱਖ-ਵੱਖ ਸਿੱਖ ਸੰਸਥਾਵਾਂ ਦੇ ਨੁਮਾਇੰਦਿਆਂ ਨਾਲ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਮਹਾਨ ਕੋਸ਼ ਦੇ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਸੰਸਕਰਨਾਂ ਨੂੰ ਨਸ਼ਟ ਕਰਨ ਲਈ ਢੁਕਵੇਂ ਕਦਮ ਚੁੱਕੇ ਜਾਣਗੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਕੰਮ ਇਸ ਸਬੰਧੀ ਬਣਾਈ ਕਮੇਟੀ ਦੀਆਂ ਸਿਫ਼ਾਰਸ਼ਾਂ ਅਨੁਸਾਰ ਹੀ ਹੋਣਾ ਚਾਹੀਦਾ ਹੈ।

ਸੰਧਵਾਂ ਨੇ ਉਚੇਰੀ ਸਿੱਖਿਆ ਵਿਭਾਗ ਨੂੰ ਤਿੰਨ ਹਫ਼ਤਿਆਂ ਵਿੱਚ ਲੋੜੀਂਦੀ ਰਿਪੋਰਟ ਪੇਸ਼ ਕਰਨ ਲਈ ਵੀ ਕਿਹਾ ਹੈ। ਉਨ੍ਹਾਂ ਕਿਹਾ ਕਿ ਗੁਰਬਾਣੀ ਦੀ ਸਰਵਉੱਚਤਾ ਨੂੰ ਕਾਇਮ ਰੱਖਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਭਰਮ-ਭੁਲੇਖਿਆਂ ਨੂੰ ਦੂਰ ਕਰਨ ਲਈ ਇਹ ਕਾਰਜ ਬੇਹੱਦ ਜ਼ਰੂਰੀ ਹੋ ਗਿਆ ਹੈ।

ਇਸ ਮੌਕੇ ਸੇਵਾਮੁਕਤ ਪ੍ਰੋਫ਼ੈਸਰ ਡਾ. ਪਿਆਰੇ ਲਾਲ ਗਰਗ, ਕੇਂਦਰੀ ਸਿੱਖ ਸਭਾ ਦੇ ਜਨਰਲ ਸਕੱਤਰ ਡਾ: ਖੁਸ਼ਹਾਲ ਸਿੰਘ, ਗਿਆਨ ਪ੍ਰਕਾਸ਼ ਟਰੱਸਟ ਲੁਧਿਆਣਾ ਦੇ ਨੁਮਾਇੰਦੇ ਸਲੋਚਨ ਬੀਰ ਸਿੰਘ, ਅਮਰਜੀਤ ਸਿੰਘ ਧਵਨ,ਸ: ਰਜਿੰਦਰ ਸਿੰਘ ਖ਼ਾਲਸਾ, ਬਲਬੀਰ ਸਿੰਘ, ਡਾਇਰੈਕਟਰ ਸਿੱਖ ਮਿਸ਼ਨਰੀ ਕਾਲਜ ਦੇ ਪਰਮਜੀਤ ਸਿੰਘ, ਡਾਇਰੈਕਟਰ ਉਚੇਰੀ ਸਿੱਖਿਆ ਸੰਯਮ ਅਗਰਵਾਲ ਅਤੇ ਮੁਖੀ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਪਰਮਿੰਦਰਜੀਤ ਕੌਰ ਆਦਿ ਹਾਜ਼ਰ ਸਨ।




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Well Settled Ramgarhia Family in Winnipeg looking for a suitable match for their son,34 years old,5-10"tall, cleanshave, Canadian Citizen. Call at 204-510-7658 for more info.

ਰਾਮਗੜ੍ਹੀਆ ਸਿੱਖ ਲੜਕਾ, 26 ਸਾਲ, 5ਫੁੱਟ, 9ਇੰਚ, ਵਰਕ ਪਰਮਿਟ, ਟਰੱਕ ਡਰਾਈਵਰ, ਨਾਨਡ੍ਰਿੰਕਿੰਗ ਲਈ, ਪੀ.ਆਰ./ਸਿਟੀਜ਼ਨ ਲੜਕੀ ਦੀ ਲੋੜ। ਸੰਪਰਕ: sukh25125@gmail.com ਜਾਂ ਵਟਸਐਪ +16723355016, ਕੋਈ ਜਾਤੀ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਮੁਆਫ ਕਰਨ।

ਲੁਬਾਣਾ ਸਿੱਖ, 1989 ਕਲੀਨਸ਼ੇਵ, ਗੋਰਾ ਰੰਗ, ਕੱਦ 5'8, ਕੈਨੇਡਾ ਵਿੱਚ ਸਥਾਈ ਨਿਵਾਸੀ (**Italian citizen**) ਲਈ ਖ਼ੂਬਸੂਰਤ ਅਤੇ ਪੜ੍ਹੀ ਲਿਖੀ ਲੜਕੀ ਦੀ ਲੋੜ। ਸੰਪਰਕ- 647-449-6746 ਜਾਂ 250-793-0527

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com




## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ।
ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013




**Allseas Fisheries Inc. is Hiring!**
**DZ licensed delivery drivers needed.**
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ 'ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com




## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈੱਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜ਼ਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664



# 'ਹਾਫ਼-ਆਇਰਨਮੈਨ' ਯਾਨੀ 'ਅੱਧਾ ਲੋਹ-ਪੁਰਸ਼': ਕੁਲਦੀਪ ਸਿੰਘ ਗਰੇਵਾਲ



ਡਾ. ਸੁਖਦੇਵ ਸਿੰਘ ਝੰਡ
ਫ਼ੋਨ : 647-567-9128

ਤਕੜੇ ਜੁੱਸੇ ਵਾਲੇ ਲੋਹੇ ਵਰਗੇ ਸ਼ਖ਼ਤ ਸਰੀਰ ਦੇ ਮਾਲਕ ਕਿਸੇ ਰਿਸ਼ਟ-ਪੁਸ਼ਟ ਮਨੁੱਖ ਨੂੰ "ਲੋਹ-ਪੁਰਸ਼"ਜਾਂ ਠੇਠ ਪੰਜਾਬੀ ਵਿਚ "ਇਹ ਤਾਂ ਨਿਰਾ ਲੋਹਾ ਈ ਆ"ਕਹਿੰਦਿਆਂ ਆਮ ਹੀ ਸੁਣਿਆ ਹੋਵੇਗਾ ਪਰ ਕਿਸੇ ਨੂੰ "ਅੱਧਾ ਲੋਹ-ਪੁਰਸ਼" ਜਾਂ "ਹਾਫ਼-ਆਇਰਨਮੈਨ"ਆਖਦਿਆਂ ਘੱਟ ਹੀ ਸੁਣਾਈ ਦਿੱਤਾ ਹੋਵੇਗਾ। ਆਉ ਵੇਖਦੇ ਹਾਂ, ਫਿਰਕਿਸੇ ਇਨਸਾਨ ਨੂੰ 'ਅੱਧਾ ਲੋਹ-ਪੁਰਸ਼' ਜਾਂ 'ਹਾਫ਼-ਆਰਿਨਮੈਨ' ਕਹਿਣ ਦਾ ਕੀ ਭਾਵ ਹੈ।

ਦਰਅਸਲ, 'ਆਇਰਨਮੈਨ' ਅਤੇ 'ਹਾਫ਼-ਆਇਰਨਮੈਨ' ਦੋ ਵੱਖ-ਵੱਖ 'ਖ਼ਿਤਾਬ' (ਟਾਈਟਲ) ਹਨ ਜੋ ਦੋ ਦੁਨੀਆਂ ਦੇ ਵੱਖੋ-ਵੱਖਰੇ ਸਖ਼ਤ ਸਰੀਰਕ ਮੁਕਾਬਲਿਆਂ ਵਿੱਚੋਂ ਗੁਜ਼ਰਦਿਆਂ ਹੋਇਆਂ ਇਨ੍ਹਾਂ ਵਿੱਚੋਂ ਸਫ਼ਲ ਹੋਣ ਵਾਲਿਆਂ ਨੂੰ ਮੁਕਾਬਲਿਆਂ ਦੇ ਪ੍ਰਬੰਧਕਾਂ ਵੱਲੋਂ ਪ੍ਰਦਾਨ ਕੀਤੇ ਜਾਂਦੇ ਹਨ। ਇਹ ਦੋਵੇਂ ਮੁਕਾਬਲੇ ਹੀ ਬੜੇ ਸਖ਼ਤ ਤੇ ਰੌਚਕ ਹਨ ਅਤੇ ਮੇਰਾ ਖ਼ਿਆਲ ਹੈ ਕਿ ਇਨ੍ਹਾਂ ਬਾਰੇ ਜਾਣਕਾਰੀ ਪਾਠਕਾਂ ਲਈ ਮਹੱਤਵਪੂਰਨ ਹੋਵੇਗੀ। 'ਹਾਫ਼-ਆਇਰਨਮੈਨ ਮੁਕਾਬਲੇ'ਦੀ ਜੇਕਰਪਹਿਲਾਂ ਗੱਲ ਕਰੀਏ ਤਾਂ ਇਸ ਵਿੱਚ ਭਾਗ ਲੈਣ ਵਾਲਿਆਂ ਨੂੰ ਪਹਿਲਾਂ ਦੋ ਕਿਲੋਮੀਟਰ ਤੈਰਨਾ ਹੁੰਦਾ ਹੈ ਅਤੇ ਤੈਰਾਕੀ ਦਾ ਇਹ ਈਵੈਂਟ ਇੱਕ ਘੰਟਾ 10 ਮਿੰਟਾਂ ਦੇ ਨਿਸਚਤ ਕੀਤੇ ਗਏ ਸਮੇਂ ਵਿੱਚ ਪੂਰਾ ਕਰਨਾ ਹੁੰਦਾ ਹੈ। ਇਹ ਪਹਿਲਾ ਪੜਾਅ ਪਾਰ ਕਰਨ ਵਾਲੇਮੁਕਾਬਲੇਬਾਜ਼ ਹੀਅੱਗੇ ਬਾਈਸਾਈਕਲ ਚਲਾਉਣ ਵਾਲੇ ਦੂਸਰੇ ਪੜਾਅ ਵਿੱਚ ਦਾਖ਼ਲ ਹੁੰਦੇ ਹਨ ਜਿਸ ਵਿੱਚ ਉਨ੍ਹਾਂ ਨੇ 90 ਕਿਲੋਮੀਟਰ ਸਾਈਕਲ 4 ਘੰਟੇ 20 ਮਿੰਟਾਂ ਵਿੱਚ ਚਲਾਉਣਾ ਹੁੰਦਾ ਹੈ ਅਤੇ ਜਿਹੜੇ ਇਹ ਦੂਸਰਾ ਪੜਾਅ ਪਾਰ ਕਰ ਲੈਂਦੇ ਹਨ, ਉਹ ਅੱਗੋਂ 21 ਕਿਲੋਮੀਟਰ ਹਾਫ਼-ਮੈਰਾਥਨ ਵਾਲੇ ਤੀਸਰੇ ਪੜਾਅ ਵਿੱਚ ਸ਼ਾਮਲ ਹੁੰਦੇ ਹਨ ਜੋ ਉਨ੍ਹਾਂ ਨੇ 2 ਘੰਟੇ 20 ਮਿੰਟਾਂ ਵਿਚ ਲਗਾਉਣੀ ਹੁੰਦੀ ਹੈ। ਇਹ ਤਿੰਨੇ ਈਵੈਂਟ ਉਨ੍ਹਾਂ ਨੇ 8 ਘੰਟੇ ਤੋਂ ਲੈ ਕੇ 8 ਘੰਟੇ 30 ਮਿੰਟਾਂ ਦੇ ਵਿੱਚ ਵਿੱਚ ਪੂਰੇ ਕਰਨੇ ਹੁੰਦੇ ਹਨ। ਇਸ ਸਮੁੱਚੇ ਮੁਕਾਬਲੇ ਨੂੰ ਪੂਰਾ ਕਰਨ ਦਾ ਅਸਲ ਸਮਾਂ 8 ਘੰਟੇ ਦਾ ਹੈ। ਇਸ ਤੋਂ ਉੱਪਰਲਾ ਅੱਧਾ ਘੰਟਾ ਇਸ ਮੁਕਾਬਲੇ ਵਿਚ ਹਿੱਸਾ ਲੈਣ ਵਾਲਿਆਂ ਨੂੰ 'ਚੇਜਿੰਗ-ਟਾਈਮ' ਜਾਂ 'ਟ੍ਰਾਂਜ਼ੀਸ਼ਨ-ਟਾਈਮ' ਵਜੋਂ ਦਿੱਤਾ ਜਾਂਦਾ ਹੈ ਜਿਸ ਵਿਚ ਉਨ੍ਹਾਂ ਨੇ ਤੈਰਾਕੀ ਵਾਲੇ ਗਿੱਲੇ ਸਵਿੰਮਿੰਗ ਸੂਟ ਬਦਲਣੇ ਹੁੰਦੇ ਹਨ ਅਤੇ ਥੋੜ੍ਹਾ ਜਿਹਾ ਅੱਗੇ ਜਾ ਕੇ ਪਾਰਕਿੰਗ ਵਿੱਚੋਂ ਆਪਣੇ ਸਾਈਕਲ ਲੈਣੇ ਹੁੰਦੇ ਹਨ ਤੇ ਸਾਈਕਲਿੰਗ ਦਾ ਦੌਰ ਪੂਰਾ ਕਰਕੇ ਮੁੜ ਉੱਥੇ ਪਾਰਕ ਕਰਨੇ ਹੁੰਦੇ ਹਨ। 'ਆਇਰਨ ਮੁਕਾ-ਬਲੇ' ਵਿੱਚ ਇਹ ਸੱਭ ਕੁੱਝ ਇਸ ਤੋਂ ਦੁੱਗਣਾ ਕਰਨਾ ਪੈਂਦਾ ਹੈ, ਭਾਵ ਚਾਰ ਕਿਲੋਮੀਟਰ ਤੈਰਾਕੀ, 180 ਕਿਲੋਮੀਟਰ ਸਾਈਕਲਿੰਗ ਅਤੇ 42 ਕਿਲੋਮੀਟਰ ਮੈਰਾਥਨ ਦੌੜ ਪੂਰੀ ਕਰਨੀ ਹੁੰਦੀ ਹੈ।

ਆਮ ਮਨੁੱਖ ਤਾਂ ਅਜਿਹੇ ਸਖ਼ਤ ਮੁਕਾਬਲਿਆਂ ਬਾਰੇ ਸੋਚ ਵੀ ਨਹੀਂ ਸਕਦਾ ਪਰ ਹੈਰਾਨੀ ਦੀ ਗੱਲਹੈ ਕਿ ਦੁਨੀਆਂ-ਭਰ ਵਿੱਚੋਂ ਹਰ ਸਾਲ ਹਜ਼ਾਰਾਂ ਦੀ ਗਿਣਤੀ ਵਿੱਚ ਹੀ 'ਯੋਧੇ' ਇਨ੍ਹਾਂ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਨਿੱਤਰਦੇ ਹਨ। ਉਹ ਪਹਿਲਾਂ ਕਈ ਕਈ ਸਾਲ ਆਪਣੇ ਸਰੀਰਾਂ ਨੂੰ ਖ਼ੂਬ ਕਮਾਉਂਦੇ ਹਨ ਅਤੇ ਇਨ੍ਹਾਂ ਮੁਕਬਲਿਆਂ ਦੀ ਤਿਆਰੀ ਵਿੱਚ ਜੁੱਟੇ ਰਹਿੰਦੇ ਹਨ।ਅੱਜ ਅਸੀਂ ਅਜਿਹੇ ਹੀ 'ਅੱਧੇ ਲੋਹ-ਪੁਰਸ਼' ਕੁਲਦੀਪ ਗਰੇਵਾਲ ਬਾਰੇ ਗੱਲ ਕਰਨੀ ਹੈ ਜਿਸਨੇ ਨਿਆਗਰਾ ਫਾਲਜ਼ ਵਿਖੇ ਇਸ ਸਾਲ 15 ਸਤੰਬਰ 2024 ਨੂੰ ਹੋਏਹਾਫ਼-ਆਇਰਨਮੈਨ ਮੁਕਾਬਲੇ ਵਿਚ 'ਹਾਫ਼-ਆਇਰਨਮੈਨ' ਦਾ ਇਹ ਖ਼ਿਤਾਬ ਹਾਸਲ ਕੀਤਾ ਹੈ ਅਤੇ 'ਅੱਧਾ ਲੋਹ-ਪੁਰਸ਼' ਅਖਵਾਇਆ ਹੈ।

ਕੁਲਦੀਪ ਗਰੇਵਾਲ ਪਿਛੋਕੜ ਦੀ ਜੇਕਰ ਗੱਲ ਕਰੀਏ ਤਾਂ ਉਹ ਜ਼ਿਲਾ ਲੁਧਿਆਣਾ ਦੇ ਪਿੰਡ ਕਰੌਂਦੀਆ ਦਾ ਜੰਮ-ਪਲ਼ ਹੈ ਜਿੱਥੇ ਪਿਤਾ ਸ। ਸੁਦਾ-ਗਰ ਸਿੰਘ ਅਤੇ ਮਾਤਾ ਅਜਮੇਰ ਕੌਰ ਦੇ ਘਰ 3 ਮਾਰਚ 1959 ਨੂੰ ਉਸਦਾ ਜਨਮ ਹੋਇਆ। ਕੁਲਦੀਪ ਦਾ ਇਹ ਪਿੰਡ ਖੰਨਾ-ਮਲੇਰਕੋਟਲਾ ਸੜਕ 'ਤੇ ਪੈਂਦਾ ਹੈ। 1947 ਦੀ ਭਾਰਤ-ਪਾਕਿ-ਸਤਾਨ 'ਵੰਡ' ਸਮੇਂ ਉਸ ਦੇ ਪੁਰਖ਼ਿਆਂ ਨੂੰ ਪਿੰਡ 'ਚੀਮਾ-ਕਰੌਂਦੀਆਂ'(ਨੇੜੇ-ਨੇੜੇ ਪੈਂਦੇਦੋ ਪਿੰਡਾਂ 'ਚੀਮਾ' ਤੇ 'ਕਰੌਂਦੀਆਂ' ਦਾ ਨਾਂ ਕਈ ਵਾਰ ਲੋਕਾਂ ਵੱਲੋਂ ਇਕੱਠਾ ਹੀ ਲੈ ਲਿਆ ਜਾਂਦਾ ਹੈ) ਅਤੇ ਅਮਲੋਹ ਦੇ ਨੇੜੇ ਪਿੰਡ 'ਖਨੌੜਾ' ਵਿੱਚ ਜ਼ਮੀਨ ਅਲਾਟ ਹੋਈ। ਖਨੌੜਾ ਪਿੰਡ ਦੀ ਜ਼ਮੀਨ ਕੁਝ ਮਾੜੀ ਸੀ। ਉਸ ਦੇ ਚਾਚੇ ਤੇ ਤਾਏ ਦਾ ਉੱਥੇ ਦਿਲ ਨਾ ਲੱਗਿਆ ਅਤੇ ਉਹ ਜ਼ਮੀਨ ਵੇਚ ਕੇ ਕੁਲਦੀਪ ਦੇ ਪਿਤਾ ਜੀ ਦੇ ਪਿੰਡ ਕਰੌਂਦੀਆਂ ਹੀ ਆ ਵੱਸੇ। ਦਰਅਸਲ, ਉਦੋਂ ਪੰਜਾਬ ਵਿੱਚ ਸਾਂਝੇ ਪਰਿਵਾਰਾਂ ਦਾ ਹੀ ਰਿਵਾਜ ਸੀ ਅਤੇ ਉਹ ਸਾਰੇ ਭਰਾ ਇਕੱਠਿਆਂ ਹੀ ਰਹਿਣਾ ਚਾਹੁੰਦੇ ਸਨ।

ਕੁਲਦੀਪ ਦੇ ਪ੍ਰਾਇਮਰੀ ਤੱਕ ਮੁੱਢਲੀ ਪੜ੍ਹਾਈ ਆਪਣੇ ਪਿੰਡ ਦੇ ਸਕੂਲ ਕਰੌਂਦੀਆਂ ਤੋਂ ਕੀਤੀ, ਅੱਠਵੀਂ ਤੱਕਉਹ ਸਰਕਾਰੀ ਮਿਡਲ ਸਕੂਲ ਨਸਰਾਲੀ ਵਿੱਚ ਪੜ੍ਹਿਆ ਅਤੇ ਮੈਟ੍ਰਿਕ ਸਰਕਾਰੀ ਹਾਈ ਸਕੂਲ ਅਲੂਣਾ ਪੱਲਾ ਤੋਂ ਕੀਤੀ। ਇਸ ਤੋਂ ਅੱਗੇ ਉਹ ਨਾ ਪੜ੍ਹ ਸਕਿਆ, ਕਿਉਂਕਿ 1975 ਵਿਚ ਉਹ ਆਪਣੇ ਵੱਡੇ ਭਰਾ ਕੋਲ ਕਿਚਨਰ (ਕੈਨੇਡਾ) ਆ ਗਿਆ। ਇੱਥੇ ਆ ਕੇ ਸੋਫ਼ੇ ਬਨਾਉਣ ਵਾਲੀ ਇੱਕ ਫ਼ੈਕਟਰੀ ਵਿੱਚ ਕੰਮ ਕਰਦਿਆਂ ਗੁਜ਼ਾਰੇ ਜੋਗੀ



ਅੰਗਰੇਜ਼ੀ ਸਿੱਖਣ ਲਈ ਲੋੜੀਂਦੀਆਂ ਕਲਾਸਾਂ ਲਾਈਆਂ। 1985 ਵਿੱਚ ਉਹ ਟੈਕਸੀ ਡਰਾਈਵਿੰਗ ਦੇ ਕਿੱਤੇ ਵਿੱਚ ਆ ਗਿਆ। ਇਸ ਤੋਂ ਪਹਿਲਾਂ 1981 ਵਿੱਚ ਪੰਜਾਬ ਜਾ ਕੇ ਕੁਲਵੰਤ ਕੌਰ ਨਾਲ ਵਿਆਹ ਕਰਵਾਇਆ ਅਤੇ 1984 ਵਿੱਚ ਉਸ ਦੇ ਘਰ ਬੇਟੇ ਰਣਜੀਤ ਨੇ ਜਨਮ ਲਿਆ। ਬੇਟੀ ਕਿਰਨਦੀਪ 1986 ਅਤੇ ਛੋਟਾ ਬੇਟਾ ਰਾਜਬੀਰ 1986 ਵਿਚ ਪੈਦਾ ਹੋਏ।

ਇਹ ਪੁੱਛਣ 'ਤੇ ਕਿ ਦੌੜਨ-ਭੱਜਣ ਦਾ ਖ਼ਿਆਲ ਮਨ 'ਚ ਕਦੋਂ ਉਸ ਦੇ ਮਨ 'ਚ ਆਇਆ, ਉਸ ਨੇ ਦੱਸਿਆ ਕਿ ਸਕੂਲ 'ਚ ਪੜ੍ਹਦਿਆਂ ਉਸਨੂੰ ਫੁੱਟਬਾਲ ਤੇ ਕਬੱਡੀ ਖੇਡਣ ਦਾ ਸ਼ੌਕ ਸੀ ਅਤੇ ਇਸ ਦੇ ਨਾਲ ਹੀ ਸ਼ੌਕੀਆ ਦੌੜਨ ਦਾ ਵੀ ਸੀ। ਉਹ ਸਕੂਲਾਂ ਵਿਚ ਹੋਣ ਵਾਲੇ ਖੇਡ-ਮੁਕਾਬਲਿਆਂ ਵਿੱਚ ਤਾਂ ਭਾਗ ਲੈਂਦਾ ਸੀ ਪਰ ਅੱਗੋਂ ਬਲਾਕ ਜਾਂ ਜ਼ਿਲਾ ਪੱਧਰ ਦੇ ਖੇਡ-ਮੁਕਾਬਲਿਆਂ ਵਿੱਚ ਹਿੱਸਾ ਨਹੀਂ ਲੈ ਸਕਿਆ। ਟੈਕਸੀ ਚਲਾਉਂਦਿਆਂ ਡਰਾਈਵਰ ਸੀਟ ਉੱਪਰ ਲੰਮੀਂ ਬਹਿਕ ਹੋਣ ਕਰਕੇ ਉਸ ਦਾ ਭਾਰ ਕਵਿੰਟਲ ਤੋਂ ਉੱਪਰ ਹੋ ਗਿਆ ਜਿਸਦਾ ਉਸ ਨੂੰ ਫ਼ਿਕਰ ਹੋਣ ਲੱਗਿਆ। ਭਾਰ ਘਟਾਉਣ ਲਈ ਉਸ ਨੇ ਜਿੰਮ ਜਾਣਾ ਸ਼ੁਰੂ ਕਰ ਦਿੱਤਾ ਅਤੇ ਖ਼ੁਰਾਕ ਵੱਲ ਵੀ ਕੁਝ ਧਿਆਨ ਦਿੱਤਾ। 'ਜੰਕ-ਫੂਡਜ਼' ਦਾ ਚਸਕਾ ਤਿਆਗ ਦਿੱਤਾ ਅਤੇ ਪੰਜਾਂ-ਛੇਆਂ ਮਹੀਨਿਆਂ ਵਿੱਚ ਹੀ ਭਾਰ ਪਹਿਲੀ ਥਾਂ 'ਤੇ ਆ ਗਿਆ। ਪਰ ਉਸ ਤੋਂ ਬਾਅਦਫਿਰ ਉਸ ਨੂੰ ਉਸੇ ਥਾਂ ਕਾਇਮ ਰੱਖਣਾ ਵੀ ਤਾਂ ਜ਼ਰੂਰੀ ਸੀ।

ਬਰੈਂਪਟਨ ਵਿੱਚ ਸੰਧੂਰਾ ਸਿੰਘ ਬਰਾੜ ਆਪਣੇ ਕੁਝ ਸਾਥੀਆਂ ਨਾਲ ਮਿਲ਼ ਕੇ'ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ' (ਟੀਪੀਏਆਰ ਕਲੱਬ) ਚਲਾ ਰਿਹਾ ਸੀ। ਕਲੱਬ ਦਾ ਚੇਅਰਮੈਨ ਹੋਣ ਦੇ ਨਾਤੇ ਉਹ ਕਲੱਬ ਦੇ ਮੈਂਬਰਾਂ ਅਤੇ ਹੋਰਨਾਂ ਨੂੰ ਇਸ ਦੀਆਂ ਸਰਗ਼ਰਮੀਆਂ ਵਿੱਚ ਭਾਗ ਲੈਣ ਲਈ ਪ੍ਰੇਰਦਾ ਰਹਿੰਦਾ ਸੀ। ਕਲੱਬ ਦੇ ਮੈਂਬਰ ਵੀਕਐਂਡਜ਼ 'ਤੇ ਸ਼ਨੀਵਾਰ ਜਾਂ ਐਤਵਾਰ ਨੂੰ ਕਿਸੇ ਨਾ ਕਿਸੇ ਪਾਰਕ ਵਿੱਚ ਜਾਂ ਕਿਸੇ ਟਰੇਲ 'ਤੇ ਦੌੜਨ ਜਾਂਦੇ ਸਨ ਅਤੇ ਉਨ੍ਹਾਂ ਨੇ ਕੁਲਦੀਪ ਗਰੇਵਾਲ ਨੂੰ ਵੀ ਆਪਣੇ ਨਾਲ ਤੋਰ ਲਿਆ। ਟੈਕਸੀ ਡਰਾਈਵਿੰਗ ਦੇ ਪੇਸ਼ੇ ਵਿੱਚ ਹਫ਼ਤੇ ਵਿਚਲੇ ਕੁਝ ਦਿਨ ਉਨ੍ਹਾਂ ਕੋਲ ਵਿਹਲੇ ਹੁੰਦੇ ਸਨ ਅਤੇ ਇਨ੍ਹਾਂ ਦਿਨਾਂ ਵਿੱਚ ਉਹ ਕਈ ਵਾਰ ਇਕੱਲਾ ਵੀ ਕਿਸੇ ਪਾਰਕ ਜਾਂ ਵਾਕ-ਵੇਅ 'ਤੇ ਦੌੜਨ ਲਈ ਤੁਰ ਪੈਂਦਾ।

ਲੰਮੀਂ ਦੌੜ ਵਿੱਚ ਉਸ ਨੇ 'ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ' ਵੱਲੋਂ 2017 ਵਿਚ ਕਰਵਾਈ ਗਈ ਇੰਸਪੀਰੇਸ਼ਨਲ ਸਟੈੱਪਸ-2017' ਵਿੱਚ ਪਹਿਲੀ ਵਾਰ ਹਿੱਸਾ ਲਿਆ ਜਿਸ ਵਿਚ ਉਸਨੇ 'ਹਾਫ਼-ਮੈਰਾਥਨ'2 ਘੰਟੇ 33 ਮਿੰਟਾਂ ਵਿੱਚ ਪੂਰੀ ਕੀਤੀ। ਇਸ ਤੋਂ ਉਸ ਨੂੰ ਕਾਫ਼ੀ ਉਤਸ਼ਾਹ ਮਿਲਿਆ ਕਿ ਉਹ ਲੰਮੀ ਦੌੜ ਵੀ ਲਗਾ ਸਕਦਾ ਹੈ। ਫਿਰ ਉਸੇ ਸਾਲ ਅਕਤੂਬਰ 2017 ਵਿਚ 'ਸਕੋਸ਼ੀਆਬੈਂਕ ਵਾਟਰਫ਼ਰੰਟ ਮੈਰਾਥਨ' ਈਵੈਂਟ ਵਿਚ ਹਾਫ਼-ਮੈਰਾਥਨ 2 ਘੰਟੇ 24 ਮਿੰਟਾਂ ਵਿਚ ਦੌੜ ਕੇ ਉਸ ਦੇ ਹੌਸਲੇ ਵਿੱਚ ਹੋਰ ਵਾਧਾ ਹੋਇਆ ਅਤੇ ਅਗਲੇ ਸਾਲ 2018 ਵਿਚ 'ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ' ਵੱਲੋਂ ਕਰਵਾਈ ਗਈ ਇੰਸਪੀਰੇਸ਼ਨਲ ਸਟੈੱਪਸ-2018' ਵਿੱਚ ਹਾਫ਼-ਮੈਰਾਥਨ ਦਾ ਆਪਣਾ ਸਮਾਂ ਹੋਰ ਘਟਾਉਂਦਿਆਂ ਹੋਇਆਂ ਉਸਨੇ ਇਸ ਨੂੰ 2 ਘੰਟੇ 20 ਮਿੰਟਾਂ ਵਿੱਚ ਸੰਪੰਨ ਕੀਤਾ। ਏਸੇ ਸਾਲ 'ਸਕੋਸ਼ੀਆਬੈਂਕ ਵਾਟਰਫ਼ਰੰਟ ਮੈਰਾਥਨ-2018' ਵਿੱਚ ਭਾਗ ਲੈਂਦਿਆਂ ਹੋਇਆਂ ਹਾਫ਼-ਮੈਰਾਥਨ 2 ਘੰਟੇ 11 ਮਿੰਟਾਂ ਵਿੱਚ ਪੂਰੀ ਕੀਤੀ। 'ਚਿੱਲੀ ਹਾਫ਼-ਮੈਰਾਥਨ-2018' ਉਸ ਨੇ 2 ਘੰਟੇ 5 ਮਿੰਟਾਂ ਵਿੱਚ ਲਗਾਈ ਅਤੇ 'ਮਿਸੀਸਾਗਾ ਹਾਫ਼-ਮੈਰਾਥਨ' 2 ਘੰਟੇ 2 ਮਿੰਟ 5 ਸਕਿੰਟ ਵਿੱਚ ਪੂਰੀ ਕੀਤੀ। ਗੱਲ ਕੀ, ਹਰੇਕ ਅਗਲੀ ਦੌੜ ਵਿੱਚ ਉਹ ਹਾਫ਼-ਮੈਰਾਥਨ ਲਗਾਉਣ ਦਾ ਦੌੜਨ ਦਾ ਆਪਣਾ ਸਮਾਂ ਘੱਟ ਕਰਦਾ ਗਿਆ। 2019 ਵਿੱਚ ਉਸਨੇ 'ਇੰਸਪੀਰੇਸ਼ਨਲ ਸਟੈੱਪਸ-2019', 'ਕਾਲਿੰਗਵੁੱਡ ਹਾਫ਼-ਮੈਰਾਥਨ' ਅਤੇ 'ਸਕੋਸ਼ੀਆਬੈਂਕ ਵਾਟਰਫ਼ਰੰਟ ਹਾਫ਼-ਮੈਰਾਥਨ' ਲਗਾਈਆਂ ਅਤੇ ਦੌੜ ਦੇ ਆਪਣਾ ਸਮੇਂ ਨੂੰ ਘੱਟ ਕਰਦੇ ਹੋਏ ਇਨ੍ਹਾਂ ਵਿੱਚੋਂ ਅਖ਼ੀਰਲੀ 'ਸਕੋਸ਼ੀਆਬੈਂਕ ਵਾਟਰਫ਼ਰੰਟ ਹਾਫ਼-ਮੈਰਾਥਨ' ਵਿੱਚ ਚੈਲਿੰਜ ਲੈ ਕੇ ਇਹ ਇੱਕ ਘੰਟਾ 58 ਮਿੰਟ 43 ਸਕਿੰਟ ਵਿੱਚ ਸੰਪੰਨ ਕੀਤੀ।

ਇਸ ਦੇ ਨਾਲ ਹੀ ਉਸਨੇ ਟੀਪੀਏਆਰ ਕਲੱਬ ਦੇ ਮੈਂਬਰਾਂ ਨਾਲ 2017 ਅਤੇ 2018 ਵਿੱਚ ਸੀ ਐੱਨ ਟਾਵਰ ਦੀਆਂ 1776 ਪੌੜੀਆਂ ਚੜ੍ਹਨ ਦੇ ਈਵੈਂਟਾਂ ਵਿੱਚ ਵੀ ਹਿੱਸਾ ਲਿਆ। 2020 ਦੌਰਾਨ ਸੰਸਾਰ-ਭਰ ਵਿਚ 'ਕਰੋਨਾ



ਮਹਾਂਮਾਰੀ' ਫ਼ੈਲ ਜਾਣ ਕਾਰਨ ਕੋਈ ਵੀ ਖੇਡ-ਮੁਕਾਬਲੇ ਨਾ ਹੋ ਸਕੇ ਪਰ ਫਿਰ ਵੀ ਉਸ ਨੇ ਇਸ ਸਾਲ 'ਵਰਚੂਅਲ ਫੁੱਲ-ਮੈਰਾਥਨ' ਲਗਾਈ। ਹਾਫ਼ ਤੇ ਫੁੱਲ ਮੈਰਾਥਨ ਦੌੜਾਂ ਦੇ ਨਾਲ ਨਾਲ ਉਸ ਨੇ 2019 ਵਿੱਚ ਪੀਅਰਸਨ ਏਅਰਪੋਰਟ 'ਤੇ ਹੋਈ 'ਰੱਨ-ਵੇਅ-ਰੱਨ ਅਤੇ 'ਐਨਲਾਈਟ ਕਿੱਡਜ਼ ਫ਼ਾਰ ਐਜੂਕੇਸ਼ਨ' ਵੱਲੋਂ ਕਰਵਾਈਆਂ ਗਈਆਂ 5 ਕਿਲੋਮੀਟਰ ਤੇ 10 ਕਿਲੋਮੀਟਰ ਦੌੜਾਂ ਵਿਚ ਵੀ ਭਾਗ ਲਿਆ। ਕਰੋਨਾ-ਕਾਲ ਸਮਾਪਤ ਹੋਣ 'ਤੇ 1 ਮਈ 2022 ਨੂੰਹੋਈ 'ਟੋਰਾਂਟੋ ਮੈਰਾਥਨ' ਵਿਚ ਉਸ ਨੇ ਹਰਜੀਤ ਸਿੰਘ ਅਤੇ ਲਖਵਿੰਦਰ 'ਲੱਖੇ'ਨਾਲ ਭਾਗ ਲੈ ਕੇ ਇਸ ਨੂੰ 5 ਘੰਟੇ 35 ਮਿੰਟ ਵਿਚ ਪੂਰਾ ਕੀਤਾ।

ਇਹ ਤਾਂ ਹੋਈ ਕੁਲਦੀਪ ਗਰੇਵਾਲ ਦੀਆਂ ਹਾਫ਼-ਮੈਰਾਥਨ ਤੇ 'ਫੁੱਲ-ਮੈਰਾਥਨ ਦੌੜਾਂ ਦੀ ਗੱਲ। ਹੁਣ ਉਸ ਦੇ 'ਹਾਫ਼-ਆਇਰਨਮੈਨ' ਬਣਨ ਵਾਲੇ ਪਾਸੇ ਆਉਂਦੇ ਹਾਂ। ਜਿਵੇਂ ਕਿ ਇਸ ਆਰਟੀਕਲ ਦੇ ਆਰੰਭ ਵਿਚ ਦੱਸਿਆ ਗਿਆ ਹੈ ਕਿ ਇਸ ਮੁਕਾਬਲੇ ਵਿੱਚ 'ਹਾਫ਼-ਮੈਰਾਥਨ' (21 ਕਿਲੋਮੀਟਰ) ਦੌੜ ਤੋਂ ਪਹਿਲਾਂ ਦੋ ਕਿਲੋਮੀਟਰ ਤੈਰਾਕੀ ਅਤੇ ਫਿਰ 90 ਕਿਲੋਮੀਟਰ ਸਾਈਕਲਿੰਗ ਕਰਵਾਈ ਜਾਂਦੀ ਹੈ, ਇਨ੍ਹਾਂ ਦੋਹਾਂ ਈਵੈਂਟਾਂ ਦੀ ਤਿਆਰੀ ਬਾਰੇ ਪੁੱਛਣ 'ਤੇ ਕੁਲਦੀਪ ਨੇ ਦੱਸਿਆ ਕਿ ਸਾਲ 2020 ਸਮੇਂ ਜਦੋਂ ਸਰਕਾਰੀ ਹਦਾਇਤਾਂ ਅਨੁਸਾਰ ਲੋਕਾਂ ਦਾ ਘਰਾਂ ਤੋਂ ਬਾਹਰ ਨਿਕਲਣਾ ਬੰਦ ਹੋ ਗਿਆ ਸੀ ਤਾਂ ਸੰਧੂਰਾ ਸਿੰਘ ਬਰਾੜ ਦੀ ਅਗਵਾਈ ਹੇਠ ਚੱਲ ਰਹੀ ਟੀਪੀਏਆਰ ਕਲੱਬ ਦੇ ਮੈਂਬਰਾਂ ਨੇ ਬਰੈਂਪਟਨ ਤੋਂ ਬਾਹਰਵਾਰ ਕਿਸੇ ਖੁੱਲ੍ਹੀ ਥਾਂ 'ਤੇ ਜਾ ਕੇ ਦੌੜਨ-ਭੱਜਣ ਦਾ ਫ਼ੈਸਲਾ ਕੀਤਾ, ਕਿਉਂਕਿ ਸਾਰੇ ਮੈਂਬਰ ਹੀ ਉਦੋਂ ਘਰਾਂ ਵਿਚ ਤੜੇ ਰਹਿ ਕੇ ਤੰਗ ਪੈ ਚੁੱਕੇ ਸਨ। ਇਸ ਮੰਤਵ ਦੇ ਲਈ ਉਨ੍ਹਾਂ ਨੇ ਕੈਲੇਡਨ ਟਰੇਲ ਦੀ ਚੋਣ ਕੀਤੀ। ਸ਼ਨੀਵਾਰ ਜਾਂ ਐਤਵਾਰ ਨੂੰ ਤੇ ਕਈ ਵਾਰ ਵਿਚਲੇ ਦਿਨਾਂ ਵਿੱਚ ਵੀ ਉੱਥੇ ਇਕੱਠੇ ਹੁੰਦੇ। ਉਹ ਕਦੇ ਇਸ ਦੇ ਪੂਰਬ ਵੱਲ ਤੇ ਕਦੇ ਪੱਛਮ ਵੱਲ ਨੂੰ ਦੌੜਨਾ ਸ਼ੁਰੂ ਕਰ ਦਿੰਦੇ ਅਤੇ 10-12 ਕਿਲੋਮੀਟਰ ਦੌੜ ਕੇ ਪਿੱਛੇ ਵਾਪਸ ਮੁੜਦੇ। ਇਸ ਤਰ੍ਹਾਂ ਹਾਫ਼-ਮੈਰਾਥਨ ਦੇ ਬਰਾਬਰਉਨ੍ਹਾਂ ਦੀ ਦੌੜ ਪੂਰੀ ਹੋ ਜਾਂਦੀ ਸੀ।

ਇਸ ਦੌਰਾਨ ਕਰਮਜੀਤ ਕੋਚ ਜੋ ਉਨ੍ਹੀਂ ਦਿਨੀਂ ਬਲਜਿੰਦਰ ਸੇਖੋਂ ਹੁਰਾਂ ਦੇ ਨਾਲ ਸਾਈਕਲਿੰਗ ਕਰਦਾ ਸੀ, ਨੇ ਮਸ਼ਵਰਾ ਦਿੱਤਾ ਕਿ ਕਿਉਂ ਨਾ ਵਿਚ-ਵਿਚਾਲੇ ਕਦੇ-ਕਦੇ ਸਾਈਕਲਿੰਗ ਵੀ ਕਰ ਲਈ ਜਾਇਆ ਕਰੇ। ਫਿਰ ਕੀ ਸੀ, ਅਗਲੇ ਹੀ ਦਿਨ ਕੁਲਦੀਪ ਗਰੇਵਾਲ, ਹਰਜੀਤ ਸਿੰਘ, ਜਗਤਾਰ ਗਰੇਵਾਲ, ਜਸਪਾਲ ਗਰੇਵਾਲ, ਸੰਧੂਰਾ ਬਰਾੜ, ਕੇਸਰ ਬੜੈਚ ਤੇ ਇੱਕ-ਦੋ ਹੋਰ ਆਪੋ ਆਪਣੇ ਸਾਈਕਲ ਲੈ ਕੇ ਕੈਲੇਡਨ ਟਰੇਲ 'ਤੇ ਪਹੁੰਚ ਗਏ। ਕਈਆਂ ਕੋਲ ਤਾਂ ਇਹ ਪਹਿਲਾਂ ਈ ਹੈਗੇ ਸਨ ਅਤੇ ਕਈਆਂ ਨੇ ਸਾਈਕਲਿੰਗ ਦੇ ਪੈਦਾ ਹੋਏ ਇਸ ਨਵੇਂ ਸ਼ੌਕ ਲਈ ਇਹ ਉਚੇਚੇ ਖ਼ਰੀਦੇ। ਹਰਜੀਤ ਸਿੰਘ ਨੇ ਇੱਕ ਪੁਰਾਣਾ ਰੇਸਰ ਸਾਈਕਲ'ਜੇਮਿਸ' (ਝਅਮਸਿ) ਕਿਸੇ ਕੋਲੋਂ 650 ਡਾਲਰ ਵਿੱਚ ਖ਼ਰੀਦਿਆ। ਕੁਲਦੀਪ ਗਰੇਵਾਲ ਨੇ ਇਸ ਸ਼ੌਕ ਦੇ ਲਈ ਉਚੇਚਾ ਨਵਾਂ 'ਜੇਮਿਸ ਸਾਈਕਲ'700 ਡਾਲਰ ਦਾ ਖ਼ਰੀਦ ਲਿਆ। ਇਹ ਸਾਈਕਲ ਵਜ਼ਨ ਵਿੱਚ ਹਲਕਾ ਸੀ ਅਤੇ ਇਸ ਦਾ ਹੈਂਡਲ ਹੇਠਾਂ ਨੂੰ ਝੁਕਿਆ ਹੋਇਆ ਸੀ ਜਿਸ ਨਾਲ ਸਿਰ ਤੇ ਮੋਢਿਆਂ ਵਾਲਾ ਹਿੱਸਾ ਨੀਵਾਂ ਹੋਣ ਕਰਕੇ ਅੱਗੋਂ ਹਵਾ ਸਿੱਧੀ ਘੱਟ ਪੈਂਦੀ ਸੀ। ਕੁਲਦੀਪ ਨੇ ਦੱਸਿਆ ਕਿ ਰੇਸਰ ਸਾਈਕਲ ਕਈ ਤਾਂ ਬੜੇ ਬੜੇ ਮਹਿੰਗੇ ਵੀ ਹੁੰਦੇ ਹਨ ਪਰ ਉਨ੍ਹਾਂ ਨੇ ਸਧਾਰਨ ਕੀਮਤ ਵਾਲੇ ਹੀ ਖ਼ਰੀਦੇ। ਇਨ੍ਹਾਂ ਵਿੱਚੋਂ ਇੱਕ 'ਸਰਵੇਲੋ'(ਛਰਵੲਲੋ) ਦੀ ਕੀਮਤ 3,500 ਡਾਲਰ ਹੈ ਅਤੇ ਕਈ ਤਾਂ ਹੋਰ ਵੀ ਬੜੇ ਮਹਿੰਗੇ ਹਨ ਜਿਨ੍ਹਾਂ ਦੀ ਕੀਮਤ 10,000 ਤੋਂ 15,000 ਡਾਲਰ ਤੱਕ ਹੈ।

ਇਸ ਤਰ੍ਹਾਂ ਕਰੋਨਾ-ਕਾਲ਼ ਵਿਚ ਇਨ੍ਹਾਂ 8-9 ਮੈਂਬਰਾਂ ਨੇ ਸੁਗਲੀਆ ਹੀ ਸਾਈਕਲਿੰਗ ਦੀ ਸ਼ੁਰੂਆਤ ਕੀਤੀ ਅਤੇ ਉਹ ਕੈਲੇਡਨ ਟਰੇਲ 'ਤੇ 20-25 ਕਿਲੋਮੀਟਰ ਦੂਰ ਜਾ ਕੇ ਵਾਪਸ ਮੁੜਦੇ। ਵਾਪਸੀ 'ਤੇ ਨਾਲ ਲਿਆਂਦਾ ਹੋਇਆ ਭੋਜਨ ਮਿਲ਼ ਕੇ ਛਕਦੇ। ਇੰਜ, ਕਰੋਨਾ ਦਾ ਮੁਸ਼ਕਲ ਸਮਾਂ ਦੌੜ ਅਤੇ ਸਾਈਕਲਿੰਗ ਕਰਦਿਆਂ ਉਨ੍ਹਾਂ ਲਈ 'ਵਧੀਆ ਪਿਕਨਿਕਾਂ' ਵਾਂਗ ਲੰਘਿਆ।ਸੀਰੀਅਸ ਸਾਈਕਲਿੰਗ ਅਤੇ ਤੈਰਾਕੀ ਦੀ ਸ਼ੁਰੂਆਤ ਕਰਨ ਬਾਰੇ ਜਦੋਂ ਕੁਲਦੀਪ ਨੂੰ ਪੁੱਛਿਆ ਗਿਆ ਤਾਂ ਉਸ ਨੇ ਦੱਸਿਆ ਕਿ ਇਹ ਕੈਲੇਡਨ ਟਰੇਲ 'ਤੇ 40-50 ਕਿਲੋਮੀਟਰ ਜਾ ਕੇ ਵਾਪਸ ਆਉਣ ਦੇ ਨਾਲ ਆਰੰਭ ਹੋਇਆ। ਕਈ ਵਾਰ ਉਹ ਮਿਸੀਸਾਗਾ ਰੋਡ ਤੋਂ ਫਰਗੂਸਨ ਤੱਕ ਜਾ ਕੇ ਲੱਗਭੱਗ 100 ਕਿਲੋਮੀਟਰ ਦੀ ਦੂਰੀ ਤੈਅ ਕਰਕੇ ਆਉਂਦੇ। ਕਦੇ ਉਹ ਹੈਮਿਲਟਨ ਤੋਂ ਬਰੈਂਟਫੋਰਡ (100 ਕਿਲੋਮੀਟਰ) ਅਤੇ ਕਦੇ ਬਰੈਂਟਫੋਰਡਤੋਂ ਪੋਰਟ ਡੌਵਰ (100 ਕਿਲੋਮੀਟਰ) ਜਾ ਆਉਂਦੇ। ਇੱਕ-ਦੋ ਵਾਰੀ ਉਹ ਬਰੈਂਪਟਨ ਤੋਂ ਸੇਂਟ ਕੈਥਰੀਨ ਆਪਣੀਆਂ ਗੱਡੀਆਂ 'ਤੇ ਜਾ ਕੇ ਅੱਗੋਂ ਨਿਆਗਰਾ ਫ਼ਾਲਜ਼ ਤੱਕ ਸਾਈਕਲਾਂ 'ਤੇ ਗਏ ਜੋ ਲੱਗਭੱਗ 140 ਕਿਲੋਮੀਟਰ ਬਣਦਾ ਹੈ।

ਕੁਲਦੀਪ ਗਰੇਵਾਲ ਨੇ ਦੱਸਿਆ ਕਿ ਸਵਿੰਮਿੰਗ ਦੀ ਪ੍ਰੇਰਨਾ ਉਸਨੂੰ ਤੇ ਹਰਜੀਤ ਸਿੰਘ ਨੂੰ ਬਲਜਿੰਦਰ ਸੇਖੋਂ ਤੋਂ ਮਿਲੀ ਜਿਸ ਦੇ ਮਸ਼ਵਰੇ 'ਤੇ ਸੱਭ ਤੋਂ ਪਹਿਲਾਂ ਉਨ੍ਹਾਂ ਨੇ 'ਗੋਰਮੀਡੋਜ਼ ਕਮਿਊਨਿਟੀ ਸੈਂਟਰ' ਦੇ ਸਵਿੰਮਿੰਗ ਪੂਲ ਵਿੱਚ ਰਾਤ ਦੇ ਨੌਂ ਤੋਂ ਦਸ ਵਜੇ ਜਾਣਾ ਆਰੰਭ ਕੀਤਾ, ਕਿਉਂਕਿ ਉਸ ਸਮੇਂ ਉੱਥੇ ਕੋਈ ਵਿਰਲਾ-ਟਾਵਾਂ ਹੀ ਹੁੰਦਾ ਸੀ। ਉਹ ਦੋਵੇਂ ਪੂਲ ਦੀਆਂ ਖ਼ੂਬ ਗੇੜੀਆਂ ਲਾਉਂਦੇ ਅਤੇ ਤੈਰਨ ਦਾ ਆਪਣਾ ਦਮ ਪੱਕਾ ਕਰਦੇ। ਛੇ ਕੁ ਮਹੀਨੇ ਉੱਥੇ ਅਭਿਆਸ ਕਰਨ ਤੋਂ ਬਾਅਦ ਬਲਜਿੰਦਰ ਸੇਖੋਂ ਨੇ ਉਨ੍ਹਾਂ ਨੂੰ 'ਕਿਊਐਰੀ' (ਥੁਅਰਰੇ) 'ਤੇ ਜਾ ਕੇ ਤੈਰਨ ਦੀ ਪ੍ਰੈਕਟਿਸ ਕਰਨ ਦੀ ਸਲਾਹ ਦਿੱਤੀ। ਇਹ 'ਕਿਊਐਰੀ' ਉਹ ਜਗ੍ਹਾ ਹੈ ਜਿੱਥੋਂ ਧਰਤੀ ਵਿੱਚੋਂ ਪੱਥਰ, ਧਾਤਾਂ ਜਾਂ ਹੋਰ ਲੋੜੀਂਦੇ ਪਦਾਰਥ ਕੱਢੇ ਗਏ ਹੁੰਦੇ ਹਨ ਅਤੇ ਉਸਡੂੰਘੀ ਥਾਂ 'ਤੇ ਪਏ ਪਾੜ ਵਿਚ ਪਾਣੀ ਸਿੰਮ ਕੇ ਭਰ ਜਾਂਦਾ ਹੈ ਜੋ ਹੌਲ਼ੀ-ਹੌਲ਼ੀ ਇੱਕ 'ਮਿੰਨੀ ਝੀਲ' ਦਾ ਰੂਪ ਧਾਰਨ ਕਰ ਜਾਂਦਾ ਹੈ। ਗਰਮੀਆਂ ਦੇ ਮਹੀਨਿਆਂ ਵਿੱਚ ਕੁਲਦੀਪ ਅਤੇ ਹਰਜੀਤ ਦੋਵੇਂ ਇਸ ਮਿੰਨੀ ਝੀਲ ਵਿਚ ਜਾ ਕੇ ਤਾਰੀਆਂ ਲਾਉਣ ਲੱਗ ਪਏ। ਕੁਲਦੀਪ ਨੇ ਦੱਸਿਆ ਇਸ ਕਿਊਐਰੀ ਵਿੱਚ ਤੈਰਦਿਆਂ ਇਸ ਦਾ ਇੱਕ ਚੱਕਰ ਲੱਗਭੱਗ ਤਿੰਨ ਕਿਲੋਮੀਟਰ ਬਣ ਜਾਂਦਾ ਸੀ ਅਤੇ ਉਹ ਇਸ ਦੇ ਕਈ ਕਈ ਚੱਕਰ ਲਾਉਂਦੇ। ਆਖ਼ਰ ਘੱਟੋ-ਘੱਟ ਦੋ/ਢਾਈ ਕਿਲੋਮੀਟਰ ਖੁੱਲ੍ਹੇ ਪਾਣੀ ਵਿੱਚ ਤੈਰਨ ਦਾ ਅਭਿਆਸ ਕਰਨਾ ਸੀ।

ਹਾਫ਼-ਮੈਰਾਥਨ ਤੇ ਫੁੱਲ-ਮੈਰਾਥਨ ਦੌੜਨ ਦਾ ਅਭਿਆਸ ਤਾਂ ਪਹਿਲਾਂ ਹੈ ਈ ਸੀ। ਸਾਈਕਲਿੰਗ ਅਤੇ ਤੈਰਨ ਦੀ ਪ੍ਰੈਕਟਿਸ ਕਰਕੇ ਕੁਲਦੀਪ ਗਰੇਵਾਲ ਨੇ 10 ਜੁਲਾਈ 2022 ਨੂੰ ਅਮਰੀਕਾ ਦੇ ਸ਼ਹਿਰ ਨਿਊਯਾਰਕ ਦੇ ਨੇੜੇ ਪੈਂਦੇ ਸ਼ਹਿਰ 'ਜਿਨੀਵਾ' ਵਿੱਚ ਹੋਏ 'ਹਾਫ਼-ਆਇਰਨਮੈਨ ਮੁਕਾਬਲੇ' ਵਿੱਚ ਪਹਿਲੀ ਵਾਰ ਭਾਗ ਲਿਆ ਪਰ ਇਸ ਵਿਚ ਕਾਮਯਾਬੀ ਨਾ ਮਿਲੀ। ਅਗਲੇ ਸਾਲ 9 ਜੁਲਾਈ 2023 ਨੂੰ ਦੂਸਰੀ ਵਾਰ ਫਿਰ ਉਹ ਇਸ ਮੁਕਾਬਲੇ ਵਿੱਚ ਸ਼ਾਮਲ ਹੋਇਆ ਪਰ ਸਫ਼ਲਤਾ ਇਸ ਵਾਰ ਵੀ ਹਾਸਲ ਨਾ ਹੋਈ। ਸਕੂਲ ਵਿੱਚ ਦਸਵੀਂ ਜਮਾਤ ਵਿੱਚ ਪੜ੍ਹੀ ਕਹਾਣੀ 'ਕਿੰਗ ਬਰੈਸ ਐਂਡ ਦ ਸਪਾਈਡਰ' ਵਾਂਗ ਉਸਨੇ 14 ਜੁਲਾਈ 2024 ਨੂੰ ਨਿਆਗਰਾ ਫ਼ਾਲਜ਼ ਵਿਚ ਹੋਣ ਵਾਲੇ 'ਹਾਫ਼-ਆਇਰਨਮੈਨ' ਮੁਕਾਬਲੇ ਲਈ ਤੀਸਰੀ ਵਾਰ ਆਪਣੀ ਰਜਿਸਟ੍ਰੇਸ਼ਨ ਕਰਵਾ ਲਈ। ਇਸ ਵਾਰ ਉਸ ਦੇ ਮਨ 'ਚ ਇਸ ਮੁਕਾਬਲੇ ਵਿੱਚ ਸਫ਼ਲ ਹੋਣ ਦਾ ਦ੍ਰਿੜ ਨਿਸਚਾ ਸੀ ਅਤੇ ਉਸਨੇ ਇਸ ਦੇ ਲਈ ਮਿਹਨਤ ਵੀ ਕਾਫ਼ੀ ਕੀਤੀ ਹੋਈ ਸੀ। ਉਸ ਨੂੰ ਇਸ ਵਾਰ 'ਹਾਫ਼-ਆਇਰਨਮੈਨ' ਬਣਨ ਦੀ ਪੂਰੀ ਆਸ ਸੀ।

ਆਖ਼ਰ ਇਸ 'ਮੁਕਾਬਲੇ' ਵਾਲਾ 15 ਸਤੰਬਰ 2024 ਦਾ ਉਹ 'ਸ਼ੁਭ-ਦਿਨ' ਆ ਗਿਆ ਅਤੇ ਉਹ ਆਪਣੇ ਬੇਟਿਆਂ ਰਣਜੀਤ, ਰਾਜਬੀਰ, ਬੇਟੀ ਕਿਰਨਦੀਪ ਤੇ ਪਰਿਵਾਰ ਦੇ ਹੋਰ ਮੈਂਬਰਾਂ ਨਾਲ ਨਿਆਗਰਾ ਫ਼ਾਲਜ਼ ਦੇ ਨੇੜੇ ਇਸ ਮੁਕਾਬਲੇ ਲਈ ਨਿਸਚਤ ਜਗ੍ਹਾ 'ਬੈਰਲਮੈਨ ਵੈੱਲੈਂਡ ਨਿਆ-ਗਰਾ ਫ਼ਾਲ' ਪਹੁੰਚ ਗਿਆ। ਪ੍ਰਬੰਧਕਾਂ ਵੱਲੋਂ ਮਿਥੇ ਹੋਏ ਪ੍ਰੋਗਰਾਮ ਅਨੁਸਾਰ ਇਸ ਮੁਕਾਬਲੇ ਦਾ ਤੈਰਾਕੀ ਦਾ ਪਹਿਲਾ ਈਵੈਂਟ ਸ਼ੁਰੂ ਹੋਇਆ ਜੋ ਉਸ ਨੇ 58 ਮਿੰਟ 22 ਸਕਿੰਟ ਵਿੱਚ ਪੂਰਾ ਕਰਕੇ ਇਸ ਮੁਕਾਬਲੇ ਦਾ ਸਾਈਕਲਿੰਗ ਵਾਲਾ ਦੂਸਰਾ ਪੜਾਅ ਆਰੰਭ ਕੀਤਾ ਜਿਸ ਨੂੰ 3 ਘੰਟੇ 47 ਮਿੰਟ 43 ਸਕਿੰਟ ਵਿਚ ਪੂਰਾ ਕੀਤਾ ਗਿਆ ਅਤੇ ਇਸ ਮੁਕਾਬਲੇ ਦੇ ਤੀਸਰੇ ਪੜਾਅ ਦੀ 21 ਕਿਲੋਮੀਟਰ ਦੌੜ ਸ਼ੁਰੂ ਕਰ ਦਿੱਤੀ ਜੋ 2 ਘੰਟੇ 53 ਮਿੰਟ 42 ਸਕਿੰਟਾਂ ਵਿੱਚ ਪੂਰੀ ਹੋਈ। ਇਸ ਤਰ੍ਹਾਂ ਇਸ ਮੁਕਾਬਲੇ ਦੇ ਇਹ ਤਿੰਨੇ ਪੜਾਅ 7 ਘੰਟੇ 59 ਮਿੰਟਾਂ ਵਿਚ ਪੂਰੇ ਕਰਕੇ ਜਦੋਂ ਉਹ 'ਫ਼ਿਨਿਸ਼-ਲਾਈਨ' 'ਤੇ ਪਹੁੰਚਿਆ ਤਾਂ ਪ੍ਰਬੰਧਕਾਂ ਵੱਲੋਂ ਉਸਨੂੰ 'ਹਾਫ਼-ਆਇਰਨਮੈਨ' ਐਲਾਨਿਆ ਗਿਆ।

ਇਸ ਤੋਂ ਅਗਲੇ ਆਪਣੇ ਪਲੈਨ ਬਾਰੇ ਜਦੋਂ ਉਸ ਕੋਲੋਂ ਪੁੱਛਿਆ ਗਿਆ ਤਾਂ ਉਸ ਦਾ ਕਹਿਣਾ ਸੀ ਕਿ ਉਹ ਅੱਗੋਂ ਹੋਰ ਮਿਹਨਤ ਕਰੇਗਾ ਅਤੇ 'ਫੁੱਲ-ਆਇਰਨਮੈਨ' ਮੁਕਾਬਲੇ ਵਿੱਚ ਹਿੱਸਾ ਲੈਣ ਦੀ ਕੋਸ਼ਿਸ਼ ਕਰੇਗਾ। ਆਪਣੀ ਖ਼ੁਰਾਕ ਬਾਰੇ ਉਹ ਦੱਸਦਾ ਹੈ ਕਿ ਉਹ ਦਾਲ਼-ਸਬਜ਼ੀ ਵਾਲਾ ਘਰੇਲੂ ਖਾਣਾ ਪਸੰਦ ਕਰਦਾ ਹੈ ਅਤੇ ਬਾਹਰੋਂ ਕੁਝ ਖਾਣ ਤੋਂ ਪ੍ਰਹੇਜ਼ ਕਰਦਾ ਹੈ। ਅਲਬੱਤਾ, ਸਰੀਰਕ ਸ਼ਕਤੀ ਕਾਇਮ ਰੱਖਣ ਲਈ ਫਲ-ਫ਼ਰੂਟ, ਮੀਟ-ਮੱਛੀ ਅਤੇ ਪ੍ਰੋਟੀਨ-ਸ਼ੇਕ ਲੈਂਦਾ ਹੈ। ਇਨ੍ਹਾਂ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਪਰਿਵਾਰ ਵੱਲੋਂ ਉਸ ਨੂੰ ਭਰਪੂਰ ਸਹਿਯੋਗ ਮਿਲ਼ ਰਿਹਾ ਹੈ। ਪਰਿਵਾਰ ਵਿੱਚੋਂ ਉਸਦਾ ਪੋਤਰੇ ਏਥਨ ਨੂੰ ਦੌੜਨ ਦਾ ਸ਼ੌਕ ਹੈ ਅਤੇ ਉਹ ਸਕੂਲ ਪੱਧਰ 'ਤੇ ਹੋਣ ਵਾਲੀਆਂ ਖੇਡਾਂ ਅਤੇ ਹੋਰ ਮੁਕਾਬਲਿਆਂ ਵਿਚ ਅਕਸਰ ਹਿੱਸਾ ਲੈਂਦਾ ਹੈ। ਉਸ ਦਾ ਜਵਾਈ ਕਾਈਲ ਵੀ 'ਹਾਫ਼-ਮੈਰਾਥਨ' ਵਿਚ ਭਾਗ ਲੈਂਦਾ ਹੈ।

ਜੀਵਨ ਵਿਚ ਵਾਪਰੀ ਕਿਸੇ ਮਾੜੀ-ਚੰਗੀ ਘਟਨਾ ਬਾਰੇ ਪੁੱਛਣ 'ਤੇ ਉਸ ਨੇ ਦੱਸਿਆ ਕਿ 2022 ਵਿਚ ਉਸ ਦੇ ਸੱਜੇ ਗੋਡੇ 'ਤੇ ਸੱਟ ਲੱਗ ਗਈ ਅਤੇ ਲੱਗਭੱਗ ਛੇ ਮਹੀਨੇ ਉਹ ਕੋਈ ਪ੍ਰੈਕਟਿਸ ਨਾ ਕਰ ਸਕਿਆ। ਉਦੋਂ ਕਈ ਵਾਰ ਤਾਂ ਉਸ ਨੂੰ ਲੱਗਦਾ ਸੀ ਕਿ ਪਤਾ ਨਹੀਂ ਅੱਗੋਂ ਇਹ ਹੋ ਵੀ ਸਕੇਗੀ ਕਿ ਨਹੀਂ। ਪਰ ਪ੍ਰਮਾਤਮਾ ਦੀ ਮਿਹਰ ਸਦਕਾ ਫਿਰ ਹੌਲ਼ੀ-ਹੌਲ਼ੀ ਕੰਮ ਰਵਾਂ ਹੋ ਗਿਆ ਅਤੇ ਉਸ ਨੇ ਆਪਣਾ ਅਭਿਆਸ ਦੋਬਾਰਾ ਸ਼ੁਰੂ ਕਰ ਲਿਆ। ਇੱਕ ਵਾਰ ਪੈਰਾਂ ਵਿਚ ਜ਼ੋਰਦਾਰ ਜਲਨਹੋਣ ਲੱਗ ਪਈ ਅਤੇ ਇਹ ਇੱਕਟਰੈਂਡਕਾਇਰੋਪ੍ਰੈਕਟਰ ਦੀ ਮਦਦ ਨਾਲ ਠੀਕ ਹੋਈ। ਮੋਢੇ ਕਦੇ-ਕਦੇ ਦਰਦ ਕਰਨ ਲੱਗ ਪੈਂਦੇ ਹਨ ਪਰ ਉਹ ਇਨ੍ਹਾਂ ਦੀ ਬਹੁਤੀ ਪ੍ਰਵਾਹ ਨਹੀਂ ਕਰਦਾ ਅਤੇ ਅਭਿਆਸ ਦੀ ਆਪਣੀ 'ਰੁਟੀਨ' ਜਾਰੀ ਰੱਖਦਾ ਹੈ। ਕੁਲਦੀਪ ਗਰੇਵਾਲ ਬੜਾ ਹਸਮੁੱਖ ਤੇ ਮਿਲਣਸਾਰ ਹੈ। ਟੀਪੀਏਆਰ ਕਲੱਬ ਦੇ ਮੈਂਬਰਾਂ ਨੂੰ ਬੜੇ ਤਪਾਕ ਨਾਲ ਮਿਲਦਾ ਹੈ। ਸਾਰੇ ਮੈਂਬਰ ਉਸ ਨੂੰ ਪੂਰਾ ਪਿਆਰ ਤੇ ਸਤਿਕਾਰ ਦਿੰਦੇ ਹਨ ਅਤੇ ਉਸ ਦੇ ਲਈ ਆਪਣੇ ਨਿਸ਼ਾਨੇ ਵੱਲ ਅੱਗੇ ਵੱਧਣ ਲਈ ਕਾਮਨਾ ਕਰਦੇ ਹਨ। ਪ੍ਰਮਾਤਮਾ ਉਸ ਨੂੰ ਹੋਰ ਬੁਲੰਦੀਆਂ ਤੱਕ ਪਹੁੰਚਣ ਦੀ ਸਮਰੱਥਾ ਬਖ਼ਸ਼ੇ।

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

CAPITAL DRUG TESTING
Drug and Alcohol Test
Capital DRUG TESTING
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

## ਧਨਖੜ ਖਿਲਾਫ਼ ਵਿਰੋਧੀ ਧਿਰ ਦਾ ਬੇਭਰੋਸਗੀ ਮਤੇ ਦਾ ਨੋਟਿਸ, 60 ਸੰਸਦ ਮੈਂਬਰਾਂ ਦਾ ਸਮਰਥਨ

ਨਵੀਂ ਦਿੱਲੀ, 10 ਦਸੰਬਰ (ਪੋਸਟ ਬਿਊਰੋ): ਸੰਸਦ ਦੇ ਸਰਦ ਰੁੱਤ ਸੈਸ਼ਨ ਦੇ 10ਵੇਂ ਦਿਨ ਮੰਗਲਵਾਰ ਨੂੰ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੇ ਰਾਜ ਸਭਾ ਦੇ ਚੇਅਰਮੈਨ ਜਗਦੀਪ ਧਨਖੜ ਖਿਲਾਫ ਬੇਭਰੋਸਗੀ ਮਤਾ ਪੇਸ਼ ਕੀਤਾ। ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੇ ਧਨਖੜ ਵਿਰੁੱਧ ਬੇਭਰੋਸਗੀ ਮਤੇ ਦਾ ਨੋਟਿਸ ਰਾਜ ਸਭਾ ਦੇ ਜਨਰਲ ਸਕੱਤਰ ਪੀਸੀ ਮੋਦੀ ਨੂੰ ਦਿੱਤਾ ਹੈ।

ਇਸ ਨੋਟਿਸ 'ਤੇ ਕਾਂਗਰਸ, ਟੀਐੱਮਸੀ, ਆਪ, ਸਪਾ, ਡੀਐੱਮਕੇ, ਸੀਪੀਆਈ, ਸੀਪੀਆਈ-ਐੱਮ ਅਤੇ ਆਰਜੇਡੀ ਸਮੇਤ ਵਿਰੋਧੀ ਪਾਰਟੀਆਂ ਦੇ 60 ਸੰਸਦ ਮੈਂਬਰਾਂ ਦੇ ਦਸਤਖਤ ਹਨ। ਵਿਰੋਧੀ ਧਿਰ ਦਾ ਦੋਸ਼ ਹੈ ਕਿ ਰਾਜ ਸਭਾ ਦੇ ਚੇਅਰਮੈਨ ਅਤੇ ਉਪ ਰਾਸ਼ਟਰਪਤੀ ਜਗਦੀਪ ਧਨਖੜ ਸਦਨ ਨੂੰ ਪੱਖਪਾਤੀ ਢੰਗ ਨਾਲ ਚਲਾਉਂਦੇ ਹਨ ਅਤੇ ਵਿਰੋਧੀ ਧਿਰ ਨੂੰ ਬੋਲਣ ਨਹੀਂ ਦਿੰਦੇ।



ਵਿਰੋਧੀ ਧਿਰ ਦੇ ਨੋਟਿਸ 'ਤੇ ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜਿਜੂ ਨੇ ਕਿਹਾ ਕਿ ਵਿਰੋਧੀ ਧਿਰ ਹਮੇਸ਼ਾ ਸਭਾਪਤੀ ਦਾ ਅਪਮਾਨ ਕਰਦੀ ਹੈ। ਉਹ ਚੇਅਰਮੈਨ ਦੇ ਅਧਿਕਾਰਾਂ ਦਾ ਨਿਰਾਦਰ ਕਰਦੇ ਹਨ। ਐੱਨਡੀਏ ਕੋਲ ਸਦਨ ਵਿੱਚ ਬਹੁਮਤ ਹੈ ਅਤੇ ਸਾਨੂੰ ਸਾਰਿਆਂ ਨੂੰ ਚੇਅਰਮੈਨ ਵਿੱਚ ਵਿਸ਼ਵਾਸ ਹੈ।

ਇਸ ਦੇ ਨਾਲ ਹੀ ਮੰਗਲਵਾਰ ਨੂੰ 11 ਵਜੇ ਦੋਵਾਂ ਸਦਨਾਂ ਦੀ ਕਾਰਵਾਈ ਸ਼ੁਰੂ ਹੋਈ। ਲੋਕ ਸਭਾ ਵਿੱਚ ਹੰਗਾਮੇ ਕਾਰਨ ਸਦਨ ਨੂੰ ਪਹਿਲਾਂ 12 ਵਜੇ ਤੱਕ ਮੁਲਤਵੀ ਕਰ ਦਿੱਤਾ ਗਿਆ। 12 ਵਜੇ ਸਦਨ ਦੀ ਕਾਰਵਾਈ ਸ਼ੁਰੂ ਹੋਣ ਤੋਂ ਬਾਅਦ ਵੀ ਅਡਾਨੀ-ਜਾਰਜ ਸੋਰੋਸ ਦੇ ਮੁੱਦੇ 'ਤੇ ਹੰਗਾਮਾ ਜਾਰੀ ਰਿਹਾ, ਸਪੀਕਰ ਨੇ ਸਦਨ ਦੀ ਕਾਰਵਾਈ ਬੁੱਧਵਾਰ ਤੱਕ ਲਈ ਮੁਲਤਵੀ ਕਰ ਦਿੱਤੀ। ਹੰਗਾਮੇ ਕਾਰਨ ਰਾਜ ਸਭਾ ਦੀ ਕਾਰਵਾਈ ਵੀ ਬੁੱਧਵਾਰ ਤੱਕ ਲਈ ਮੁਲਤਵੀ ਕਰ ਦਿੱਤੀ ਗਈ।

ਉਪ ਰਾਸ਼ਟਰਪਤੀ ਦੀ ਤਾਰੀਫ਼ ਕਰਦਿਆਂ ਉਨ੍ਹਾਂ ਕਿਹਾ ਕਿ ਧਨਖੜ ਜੀ ਸਧਾਰਨ ਪਿਛੋਕੜ ਤੋਂ ਆਉਂਦੇ ਹਨ। ਉਹ ਹਮੇਸ਼ਾ ਸੰਸਦ ਦੇ ਅੰਦਰ ਅਤੇ ਬਾਹਰ ਕਿਸਾਨਾਂ ਅਤੇ ਲੋਕਾਂ ਦੀ ਭਲਾਈ ਦੀ ਗੱਲ ਕਰਦੇ ਹਨ। ਉਹ ਸਾਡੀ ਅਗਵਾਈ ਕਰਦੇ ਹਨ। ਅਸੀਂ ਉਨ੍ਹਾਂ ਦਾ ਸਤਿਕਾਰ ਕਰਦੇ ਹਾਂ। ਸਾਨੂੰ ਸਾਰਿਆਂ ਨੂੰ ਪ੍ਰਧਾਨ 'ਤੇ ਭਰੋਸਾ ਹੈ। ਜਿਸ ਤਰ੍ਹਾਂ ਉਹ ਸਦਨ ਦਾ ਮਾਰਗਦਰਸ਼ਨ ਕਰਦੇ ਹਨ, ਅਸੀਂ ਉਸ ਤੋਂ ਖੁਸ਼ ਹਾਂ।

## ਮੁੱਖ ਮੰਤਰੀ ਭਜਨਲਾਲ ਸੋਨੂੰ ਨਿਗਮ ਦਾ ਸ਼ੋਅ ਛੱਡਕੇ ਚਲੇ ਗਏ, ਤਾਂ ਸੋਨੂੰ ਨਿਗਮ ਹੋਏ ਨਾਰਾਜ਼



ਜੈਪੁਰ, 10 ਦਸੰਬਰ (ਪੋਸਟ ਬਿਊਰੋ): ਬਾਲੀਵੁੱਡ ਦੇ ਮਸ਼ਹੂਰ ਗਾਇਕ ਸੋਨੂੰ ਨਿਗਮ ਨੇ ਮੁੱਖ ਮੰਤਰੀ ਭਜਨ ਲਾਲ ਸ਼ਰਮਾ ਅਤੇ ਉਨ੍ਹਾਂ ਦੇ ਮੰਤਰੀਆਂ ਪ੍ਰਤੀ ਆਪਣੀ ਨਾਰਾਜ਼ਗੀ ਜ਼ਾਹਿਰ ਕੀਤੀ ਹੈ। ਨਾਲ ਹੀ ਸਲਾਹ ਵੀ ਦਿੱਤੀ ਹੈ। ਉਨ੍ਹਾਂ ਨੇ ਕਿਹਾ ਕਿ ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਜੇਕਰ ਜਾਣਾ ਹੀ ਹੈ ਤਾਂ ਨਾ ਆਇਆ ਕਰੋ। ਸ਼ੋਅ ਤੋਂ ਪਹਿਲਾਂ ਚਲੇ ਜਾਓ। ਮੈਂ ਜਾਣਦਾ ਹਾਂ ਕਿ ਤੁਸੀਂ ਮਹਾਨ ਲੋਕ ਹੋ। ਤੁਸੀਂ ਇੱਕ ਵੱਡੀ ਜ਼ਿੰਮੇਵਾਰੀ ਸੰਭਾਲ ਰਹੇ ਹੋ। ਸ਼ੋਅ ਵਿੱਚ ਬੈਠ ਕੇ ਆਪਣਾ ਸਮਾਂ ਬਰਬਾਦ ਨਹੀਂ ਕਰਨਾ ਚਾਹੀਦਾ। ਤੁਹਾਨੂੰ ਪਹਿਲਾਂ ਹੀ ਛੱਡ ਦੇਣਾ ਚਾਹੀਦਾ ਹੈ।

ਸੋਮਵਾਰ ਨੂੰ ਰਾਈਜ਼ਿੰਗ ਰਾਜਸਥਾਨ ਗਲੋਬਲ ਸਮਿਟ ਤਹਿਤ ਜੈਪੁਰ ਦੇ ਰਾਮਬਾਗ ਹੋਟਲ 'ਚ ਸੋਨੂੰ ਨਿਗਮ ਦਾ ਕੰਸਰਟ ਹੋਇਆ। ਦੱਸਿਆ ਜਾ ਰਿਹਾ ਹੈ ਕਿ ਮੁੱਖ ਮੰਤਰੀ ਭਜਨ ਲਾਲ ਸ਼ਰਮਾ ਪ੍ਰੋਗਰਾਮ ਦੇ ਵਿਚਕਾਰ ਹੀ ਚਲੇ ਗਏ। ਉਨ੍ਹਾਂ ਦੇ ਜਾਣ ਤੋਂ ਬਾਅਦ ਬਾਕੀ ਮੰਤਰੀ ਅਤੇ ਹੋਰ ਡੈਲੀਗੇਟ ਵੀ ਚਲੇ ਗਏ। ਭਜਨ ਲਾਲ ਸ਼ਰਮਾ ਦੇ ਇਸ ਰਵੱਈਏ 'ਤੇ ਸੋਨੂੰ ਨਿਗਮ ਨੇ ਸਿਆਸਤਦਾਨਾਂ 'ਤੇ ਸਵਾਲ ਖੜ੍ਹੇ ਕੀਤੇ ਹਨ। ਸੋਮਵਾਰ ਦੇਰ ਰਾਤ ਸੋਨੂੰ ਨਿਗਮ ਨੇ ਸੋਸ਼ਲ ਮੀਡੀਆ 'ਤੇ ਵੀਡੀਓ ਸ਼ੇਅਰ ਕਰਕੇ ਕਲਾਕਾਰ ਦਾ ਦਰਦ ਬਿਆਨ ਕੀਤਾ।

## ਧਰਮ ਦੇ ਅਧਾਰ ’ਤੇ ਰਾਖਵਾਂਕਰਨ ਨਹੀਂ ਦਿੱਤਾ ਜਾ ਸਕਦਾ : ਸੁਪਰੀਮ ਕੋਰਟ

ਨਵੀਂ ਦਿੱਲੀ, 10 ਦਸੰਬਰ (ਪੋਸਟ ਬਿਊਰੋ): ਸੁਪਰੀਮ ਕੋਰਟ ਨੇ ਸੋਮਵਾਰ ਨੂੰ ਕਿਹਾ ਹੈ ਕਿ ਧਰਮ ਦੇ ਅਧਾਰ ’ਤੇ ਰਾਖਵਾਂਕਰਨ ਨਹੀਂ ਦਿੱਤਾ ਜਾ ਸਕਦਾ। ਸਰਬਉੱਚ ਅਦਾਲਤ ਨੇ ਕਲਕੱਤਾ ਹਾਈਕੋਰਟ ਦੇ ਉਸ ਫ਼ੈਸਲੇ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ’ਤੇ ਸੁਣਵਾਈ ਕਰਦੇ ਹੋਏ ਇਹ ਗੱਲ ਕਹੀ ਹੈ ਜਿਸ ਵਿਚ ਬੰਗਾਲ 'ਚ 2010 ਤੋਂ ਕਈ ਵਰਗਾਂ ਨੂੰ ਦਿੱਤਾ ਗਿਆ ਓਬੀਸੀ ਦਾ ਦਰਜਾ ਰੱਦ ਕਰ ਦਿੱਤਾ ਗਿਆ ਸੀ।

ਹਾਈਕੋਰਟ ਦੇ 22 ਮਈ ਦੇ ਫ਼ੈਸਲੇ ਨੂੰ ਚੁਣੌਤੀ ਦੇਣ ਵਾਲੀ ਬੰਗਾਲ ਸਰਕਾਰ ਦੀ ਪਟੀਸ਼ਨ ਸਮੇਤ ਸਾਰੀਆਂ ਪਟੀਸ਼ਨਾਂ ਜਸਟਿਸ ਬੀਆਰ ਗਵਈ ਤੇ ਕੇਵੀ ਵਿਸ਼ਵਨਾਥਨ ਦੇ ਬੈਂਚ ਅੱਗੇ ਸੁਣਵਾਈ ਲਈ ਆਈਆਂ। ਜਸਟਿਸ ਗਵਈ ਨੇ ਕਿਹਾ ਕਿ ਰਾਖਵਾਂਕਰਨ ਧਰਮ ਦੇ ਅਧਾਰ ’ਤੇ ਨਹੀਂ ਹੋ ਸਕਦਾ। ਸੂਬਾ ਸਰਕਾਰ ਦੀ ਤਰਫੋਂ ਪੇਸ਼ ਸੀਨੀਅਰ ਵਕੀਲ ਕਪਿਲ ਸਿੱਬਲ ਨੇ ਕਿਹਾ ਕਿ ਇਹ ਧਰਮ ਦੇ



ਅਧਾਰ ’ਤੇ ਹੈ ਵੀ ਨਹੀਂ, ਇਹ ਤਾਂ ਪੱਛੜੇਪਣ ਦੇ ਅਧਾਰ ’ਤੇ ਹੈ। ਸਰਬਉੱਚ ਅਦਾਲਤ ਨੇ ਕਿਹਾ ਕਿ ਉਹ 7 ਜਨਵਰੀ ਨੂੰ ਵਿਸਥਾਰਤ ਦਲੀਲਾਂ ਸੁਣੇਗੀ।

ਹਾਈਕੋਰਟ ਨੇ ਬੰਗਾਲ 'ਚ 2010 ਤੋਂ ਕਈ ਵਰਗਾਂ ਨੂੰ ਦਿੱਤਾ ਓਬੀਸਾ ਦਾ ਦਰਜਾ ਰੱਦ ਕਰ ਦਿੱਤਾ ਸੀ ਤੇ ਜਨਤਕ ਖੇਤਰ ਦੀਆਂ ਨੌਕਰੀਆਂ ਤੇ ਸਰਕਾਰੀ ਵਿੱਦਿਅਕ ਅਦਾਰਿਆਂ ਵਿਚ ਉਨ੍ਹਾਂ ਦੇ ਰਾਖਵੇਂਕਰਨ ਨੂੰ ਨਾਜਾਇਜ਼ ਠਹਿਰਾਇਆ ਸੀ। ਹਾਈ ਕੋਰਟ ਨੇ ਕਿਹਾ ਸੀ ਕਿ ਅਸਲ ਵਿਚ ਇਨ੍ਹਾਂ ਭਾਈਚਾਰਿਆਂ ਨੂੰ ਓਬੀਸੀ ਐਲਾਨ ਦੇਣ ਲਈ ਧਰਮ ਹੀ ਇੱਕੋ ਇਕ ਮਾਪਦੰਡ ਪ੍ਰਤੀਤ ਹੋ ਰਿਹਾ ਹੈ। ਮੁਸਲਮਾਨਾਂ ਦੇ 77 ਵਰਗਾਂ ਨੂੰ ਪਿਛੜੇ ਦੇ ਰੂਪ ਵਿਚ ਚੁਣਿਆ ਜਾਣਾ ਸਮੱਗਰ ਰੂਪ ਵਿਚ ਮੁਸਲਿਮ ਭਾਈਚਾਰੇ ਦਾ ਅਪਮਾਨ ਹੈ। ਹਾਈਕੋਰਟ ਨੇ ਕੁਲ ਮਿਲਾ ਕੇ ਅਪ੍ਰੈਲ, 2010 ਤੇ ਸਤੰਬਰ 2010 ਵਿਚਾਲੇ 77 ਵਰਗਾਂ ਨੂੰ ਦਿੱਤੇ ਗਏ ਰਾਖਵੇਂਕਰਨ ਨੂੰ ਰੱਦ ਕਰ ਦਿੱਤਾ ਸੀ। ਉਸ ਨੇ ਬੰਗਾਲ ਪਿਛੜਾ ਵਰਗ (ਅਨੁਸੂਚਿਤ ਜਾਤੀ ਤੇ ਅਨੁਸੂਚਿਤ ਜਨਜਾਤੀ ਤੋਂ ਇਲਾਵਾ) ਸੇਵਾਵਾਂ ਤੇ ਅਸਾਮੀਆਂ ਖਾਲੀ ਹੋਣ ਬਾਰੇ ਸਰਵੇਖਣ ਸਬੰਧੀ ਐਕਟ 2012 ਦੇ ਤਹਿਤ ਓਬੀਸੀ ਦੇ ਰੂਪ ਵਿਚ ਰਾਖਵੇਂਕਰਨ ਲਈ 37 ਵਰਗਾਂ ਨੂੰ ਵੀ ਰੱਦ ਕਰ ਦਿੱਤਾ। ਸੋਮਵਾਰ ਨੂੰ ਸੁਣਵਾਈ ਦੌਰਾਨ ਸਰਬਉੱਚ ਅਦਾਲਤ ਨੇ ਹਾਜ਼ਰ ਵਕੀਲਾਂ ਦੇ ਮਾਮਲੇ ਦਾ ਵਿਸ਼ਲੇਸ਼ਣ ਕਰਨ ਲਈ ਕਿਹਾ ਹੈ। ਹਾਈ ਕੋਰਟ ਦੇ ਫ਼ੈਸਲੇ ਦਾ ਵਰਣਨ ਕਰਦੇ ਹੋਏ ਸਿੱਬਲ ਨੇ ਕਿਹਾ ਕਿ ਐਕਟ ਦੀਆਂ ਮੱਦਾਂ ਨੂੰ ਰੱਦ ਕਰ ਦਿੱਤਾ ਗਿਆ ਹੈ।

## ਮੁੱਖ ਮੰਤਰੀ ਵੱਲੋਂ ਦਿਵਿਆਂਗ ਵਿਅਕਤੀਆਂ ਦੀਆਂ 1754 ਅਸਾਮੀਆਂ ਦਾ ਬੈਕਲਾਗ ਭਰਨ ਲਈ ਵਿਸ਼ੇਸ਼ ਭਰਤੀ ਮੁਹਿੰਮ ਦਾ ਐਲਾਨ

* ਦਿਵਿਆਂਗ ਵਿਅਕਤੀਆਂ ਦੀ ਭਲਾਈ ਯਕੀਨੀ ਬਣਾਉਣ ਦੀ ਸੂਬਾ ਸਰਕਾਰ ਦੀ ਵਚਨਬੱਧਤਾ ਦੁਹਰਾਈ * ਅੰਗਹੀਣ ਵਿਅਕਤੀਆਂ ਦੇ ਅਧਿਕਾਰ ਐਕਟ, 2016 ਅਧੀਨ ਨਿਯਮਾਂ ਵਿੱਚ ਸੋਧ ਦੀ ਦਿੱਤੀ ਸਹਿਮਤੀ

ਚੰਡੀਗੜ੍ਹ, 10 ਦਸੰਬਰ (ਪੋਸਟ ਬਿਊਰੋ): ਦਿਵਿਆਂਗ ਵਿਅਕਤੀਆਂ (ਪੀ.ਡਬਲਯੂ.ਡੀ.) ਦੀ ਭਲਾਈ ਯਕੀਨੀ ਬਣਾਉਣ ਲਈ ਸੂਬਾ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਦੁਹਰਾਉਂਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੰਗਲਵਾਰ ਨੂੰ ਵੱਖ-ਵੱਖ ਵਿਭਾਗਾਂ ਵਿੱਚ ਖਾਲੀ ਪਈਆਂ ਦਿਵਿਆਂਗ ਵਿਅਕਤੀਆਂ ਲਈ ਰਾਖਵੀਆਂ ਅਸਾਮੀਆਂ ਦੇ ਬੈਕਲਾਗ ਨੂੰ ਭਰਨ ਲਈ ਵੱਡੀ ਭਰਤੀ ਮੁਹਿੰਮ ਸ਼ੁਰੂ ਕਰਨ ਦਾ ਐਲਾਨ ਕੀਤਾ।

ਇੱਥੇ ਆਪਣੇ ਅਧਿਕਾਰਕ ਰਿਹਾਇਸ਼ ’ਤੇ ਸਮਾਜਿਕ ਨਿਆਂ ਅਤੇ ਬਾਲ ਭਲਾਈ ਵਿਭਾਗ ਦੀ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਵੱਖ-ਵੱਖ ਵਿਭਾਗਾਂ ਵਿੱਚ ਦਿਵਿਆਂਗ ਵਿਅਕਤੀਆਂ ਦੀਆਂ ਖਾਲੀ ਅਸਾਮੀਆਂ ਦੇ ਬੈਕਲਾਗ ਦੀ ਸ਼ਨਾਖਤ ਕੀਤੀ ਹੈ। ਉਨ੍ਹਾਂ ਕਿਹਾ ਕਿ ਹੁਣ ਤੱਕ ਵੱਖ-ਵੱਖ ਵਿਭਾਗਾਂ ਵਿੱਚ ਬੈਕਲਾਗ ਵਜੋਂ ਸਿੱਧੀ ਭਰਤੀ ਦੀਆਂ 1754 ਅਸਾਮੀਆਂ ਅਤੇ ਤਰੱਕੀ ਦੀਆਂ 556 ਅਸਾਮੀਆਂ ਦੀ ਪਛਾਣ ਕੀਤੀ ਗਈ ਹੈ। ਭਗਵੰਤ ਸਿੰਘ ਮਾਨ ਨੇ ਅਧਿਕਾਰੀਆਂ ਨੂੰ ਕਿਹਾ ਕਿ ਇਨ੍ਹਾਂ ਖ਼ਾਲੀ ਅਸਾਮੀਆਂ ਨੂੰ ਜਲਦੀ ਤੋਂ ਜਲਦੀ ਭਰਨ ਦੀ ਪ੍ਰਕਿਰਿਆ ਤੇਜ਼ ਕੀਤੀ ਜਾਵੇ।

ਮੁੱਖ ਮੰਤਰੀ ਨੇ ਅੰਗਹੀਣ ਵਿਅਕਤੀਆਂ ਦੇ ਅਧਿਕਾਰ ਐਕਟ, 2016 ਦੇ ਨਿਯਮਾਂ ਵਿੱਚ ਸੋਧ ਕਰਨ ਦੀ ਵੀ ਪ੍ਰਵਾਨਗੀ ਦੇ ਦਿੱਤੀ ਹੈ ਅਤੇ ਕਿਹਾ ਕਿ ਨਿਯਮਾਂ ਦੀ ਇਹ ਸੋਧ ਦਿਵਿਆਂਗ ਵਿਅਕਤੀਆਂ ਦੇ ਅਧਿਕਾਰਾਂ ਦੀ ਰਾਖੀ ਵਿੱਚ ਸਹਾਈ ਹੋਵੇਗੀ। ਉਨ੍ਹਾਂ ਕਿਹਾ ਕਿ ਦਿਵਿਆਂਗ ਵਿਅਕਤੀ ਸਮਾਜ ਦੇ ਅਸਲੀ ਨਾਇਕ ਹੁੰਦੇ ਹਨ ਕਿਉਂਕਿ ਉਹ ਬਹੁਤ ਸਾਰੀਆਂ ਔਕੜਾਂ ਦੇ ਬਾਵਜੂਦ ਜ਼ਿੰਦਗੀ ਵਿੱਚ ਵਧੀਆ ਕਾਰਗੁਜ਼ਾਰੀ ਦਿਖਾਉਂਦੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਇਹ ਯਕੀਨੀ ਬਣਾਉਣ ਲਈ ਸਖ਼ਤ ਉਪਰਾਲੇ ਕਰ ਰਹੀ ਹੈ ਕਿ ਅਜਿਹੇ ਸਾਰੇ ਲੋਕ ਇੱਜ਼ਤ-ਮਾਣ ਨਾਲ ਜੀਵਨ ਬਤੀਤ ਕਰਨ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਸੂਬਾ ਸਰਕਾਰ ਦਿਵਿਆਂਗ



ਵਿਅਕਤੀਆਂ ਦੇ ਸਰਵਪੱਖੀ ਵਿਕਾਸ ਲਈ ਕਈ ਕਦਮ ਚੁੱਕੇ ਹਨ। ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਸੂਬਾ ਸਰਕਾਰ ਨੇ ਨੇਤਰਹੀਣਾਂ ਦੇ ਆਸ਼ਰਿਤਾਂ ਨੂੰ ਮੁਫ਼ਤ ਬੱਸ ਸਫ਼ਰ ਦੀ ਸਹੂਲਤ ਦਿੱਤੀ ਹੈ ਅਤੇ ਇਸ ਸਬੰਧੀ ਜਲਦੀ ਹੀ ਨੋਟੀਫਿਕੇਸ਼ਨ ਜਾਰੀ ਕੀਤਾ ਜਾ ਰਿਹਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਰੋਡਵੇਜ਼ ਤੇ ਪੀ.ਆਰ.ਟੀ.ਸੀ. ਬੱਸਾਂ ਦੇ ਕਿਰਾਏ ਵਿੱਚ ਦਿਵਿਆਂਗ ਵਿਅਕਤੀਆਂ ਨੂੰ 50 ਫੀਸਦੀ ਰਿਆਇਤ ਦਿੱਤੀ ਗਈ ਹੈ ਅਤੇ 2023-24 ਦੌਰਾਨ 7.5 ਲੱਖ ਯਾਤਰੀਆਂ ਨੂੰ ਲਾਭ ਦੇ ਕੇ 2.19 ਕਰੋੜ ਰੁਪਏ ਖ਼ਰਚੇ ਗਏ ਹਨ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਸੂਬਾ ਸਰਕਾਰ ਨੇ 2.65 ਲੱਖ ਦਿਵਿਆਂਗ ਵਿਅਕਤੀਆਂ ਨੂੰ ਸਟੇਟ ਪੈਨਸ਼ਨ ਸਕੀਮ ਅਧੀਨ ਕਵਰ ਕੀਤਾ ਹੈ ਅਤੇ 2024-25 ਦੌਰਾਨ ਲਾਭਪਾਤਰੀਆਂ ਨੂੰ 278.17 ਕਰੋੜ ਰੁਪਏ ਦੀ ਰਾਸ਼ੀ ਦਾ ਭੁਗਤਾਨ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਦਿਵਿਆਂਗ ਬੱਚਿਆਂ ਵਿੱਚ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ 12607 ਲਾਭਪਾਤਰੀਆਂ ਨੂੰ 3.37 ਕਰੋੜ ਰੁਪਏ ਦੀ ਰਾਸ਼ੀ ਵਜ਼ੀਫੇ ਵਜੋਂ ਅਦਾ ਕੀਤੀ ਜਾ ਚੁੱਕੀ ਹੈ। ਭਗਵੰਤ ਸਿੰਘ ਮਾਨ ਨੇ ਅੱਗੇ ਦੱਸਿਆ ਕਿ ਸੂਬਾ ਸਰਕਾਰ ਨੇ 144 ਸਰਕਾਰੀ ਇਮਾਰਤਾਂ ਨੂੰ ਦਿਵਿਆਂਗ ਵਿਅਕਤੀਆਂ ਦੇ ਅਨੁਕੂਲ ਬਣਾਉਣ ਲਈ ਐਸ.ਆਈ.ਪੀ.ਡੀ.ਏ. ਸਕੀਮ ਤਹਿਤ 23.16 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਦਿਵਿਆਂਗ ਵਿਅਕਤੀਆਂ ਨੂੰ ਮਾਣ ਨਾਲ ਜੀਵਨ ਬਤੀਤ ਕਰਨ ਦਾ ਮੌਕਾ ਦੇਣ ਲਈ ਸੂਬਾ ਸਰਕਾਰ ਨੇ ਪਿਛਲੇ ਦੋ ਸਾਲਾਂ ਦੌਰਾਨ 105 ਦਿਵਿਆਂਗ ਵਿਅਕਤੀਆਂ ਨੂੰ ਰਿਆਇਤੀ ਵਿਆਜ ਦਰਾਂ ’ਤੇ 1.31 ਕਰੋੜ ਰੁਪਏ ਦੇ ਕਰਜ਼ੇ ਪ੍ਰਾਪਤ ਕਰਨ ਦੀ ਸਹੂਲਤ ਦਿੱਤੀ ਹੈ। ਉਨ੍ਹਾਂ ਕਿਹਾ ਕਿ 21 ਦਿਵਿਆਂਗ ਵਿਅਕਤੀਆਂ ਨੂੰ ਵੱਖ-ਵੱਖ ਸੰਸਥਾਵਾਂ ਜਿਵੇਂ ਕਿ ਮਿਲਕਫੈੱਡ, ਮਾਰਕਫੈੱਡ ਅਤੇ ਹੋਰ ਸੰਸਥਾਵਾਂ ਤੋਂ ਬੂਥ ਦਿਵਾਏ ਗਏ ਹਨ। ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਸੂਬਾ ਸਰਕਾਰ ਸਮਾਜ ਦੇ ਇਸ ਵਰਗ ਦੀ ਭਲਾਈ ਲਈ ਹਰ ਹਰਬਾ ਵਰਤੇਗੀ।


# ੴ ਸ਼ਹੀਦੀ ਸਮਾਗਮ ੴ

## ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਸੰਗਤਾ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ, ਮਾਲਟਨ ਗੁਰੂਘਰ।

ਦਸਵੀਂ ਪਾਤਿਸ਼ਾਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਮਾਛੀਵਾੜੇ ਸਾਹਿਬ ਦੀ ਧਰਤੀ ’ਤੇ ਪਹੁੰਚਣ ਤੇ ਉਹਨਾਂ ਦੀ ਆਮਦ ਨੂੰ ਮੁੱਖ ਰੱਖਦਿਆਂ ਅਤੇ ਚਾਰੇ ਸਾਹਿਬਜ਼ਾਦੇ ਤੇ ਮਾਤਾ ਗੁਜਰ ਕੌਰ ਤੇ ਸਭਾ ਵਿੱਚ ਸ਼ਹੀਦ ਹੋਏ ਸਾਰੇ ਸਿੰਘਾਂ ਸਿੰਘਣੀਆਂ ਨੂੰ ਸਮਰਪਿਤ ਪਿਛਲੇ ਸਾਲਾਂ ਦੀ ਤਰ੍ਹਾਂ ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਸਬੰਧ ਵਿਚ ਮਾਲਟਨ ਗੁਰੂ ਘਰ ਵਿਖੇ ਮਿਤੀ 23 ਦਸੰਬਰ ਨੂੰ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਜਿਹਨਾਂ ਦੇ ਭੋਗ 25 ਦਸੰਬਰ ਨੂੰ ਮੇਨ ਹਾਲ ਵਿੱਚ ਪਾਏ ਜਾਣਗੇ। ਕਿਰਪਾ ਕਰਕੇ ਸਭ ਸੰਗਤ ਤਿੰਨ ਦਿਨ ਗੁਰੂ ਘਰ ਵਿਖੇ ਹੁੰਮ ਹੁਮਾ ਕੇ ਪਹੁੰਚਣ ਦੀ ਕਿਰਪਾਲਤਾ ਕਰੋ ਜੀ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ - ਗੁਰਪ੍ਰੀਤ ਸਿੰਘ ਉਪਲ 647-207-1887, ਸਤਪਾਲ ਸਿੰਘ ਗਰੇਵਾਲ 519-405-0075, ਜਸਵੰਤ ਸਿੰਘ 647-207-1887, ਉਜਾਗਰ ਸਿੰਘ ਗਿੱਲ 647-203-4090, ਕਾਕਾ ਸਿੰਘ ਤੱਖਰਾ 647-400-9991

The Mortgage Centre
We work for *you*, not the lenders.




Debt Consolidation | Renovations & Repairs | Avoiding High penalities

If you are looking for independent mortgage or protection advice....
We're here to help.
* Competitive rates
* Flexible terms
* Fast approval process

No Credit or becon score check.
No income verifiaction.
Interest payments only.
Pay off high interest debts.
75%-80% LTV.

Must have home equity.....

For more information call:

Jaspal Gahunia (Lic. M08006400)
Direct: 416-677-0047
Office: 416-674-7050
Email: paulpaul202@yahoo.ca
Office - Unit 201-19 Woodbine Downs Blvd, Etobicoke, ON M9W 6N5
-4040 Steeles Avenue West Unit#5 Woodbridge, ON, L4L 4Y5

Rexdale Financial Services

Urgently Need New Listings in Brampton/Caledon

visit: www.teamjagaujla.com



Call JAG AUJLA
MCNE, REAL ESTATE BROKER
DIR: 416-371-7777
j.aujla@rogers.com
www.jagaujla.com

CALL JAG FOR A QUICK & FREE HOME EVALUATION
www BramptonTopRealtor.com www BramptonTopAgent.com

URGENTLY NEED NEW LISTINGS IN THIS AREA


RECENTLY LISTED/SOLD IN YOUR NEIGHBOURHOOD BY JAG AUJLA

NEW Listing in *BRAMPTON*
Hwy 10/Sandalwood/Braidwood



50 ਫੁੱਟ ਦਾ ਡਿਟੈਚਡ ਹਾਊਸ Approx. 2500sq.ft. 4 ਬੈਡਰੂਮ + 3 ਵਾਸ਼ਰੂਮ, $70K ਦੇ ਅਪਗਰੇਡ, ਮਾਸਟਰ ਬੈਡਰੂਮ with 4-ਪੀਸ ਇਨਸੂਇਟ ਅਤੇ Walk-in ਕਲੌਜਿਟ, No ਕਾਰਪੇਟ, 6 ਪਾਰਕਿੰਗ, Quartz ਕਾਊਂਟਰਟੋਪ, 64 "Built-in Fridge, Extra furnance, Heated Garage, Sec camera, storage in backyard.

Listed in *BRAMPTON*
Bovaird/Mclaughlin/Fletchers Creek Blvd




2000 sq.ft. ਸੈਮੀ-ਡਿਟੈਚਡ ਹਾਊਸ 4+1 ਬੈਡਰੂਮ + 4 ਵਾਸ਼ਰੂਮ, 1 ਬੈਡਰੂਮ ਫਿਨੀਸ਼ਡ ਬੇਸਮੇਂਟ with separate entrance. Double door entry, ਮਾਸਟਰ ਬੈਡਰੂਮ with 5-ਪੀਸ ਇਨਸੂਇਟ, Walk-in ਕਲੌਜਿਟ, Laundary on 2nd ਫਲੋਰ ਅਤੇ ਬੇਸਮੇਂਟ। Newly ਅਪਗਰੇਡੀਡ।

Listed in *MISSISSAUGA*
Burnhamthorpe/Confederation



900-999 sq.ft. ਲੇਕ ਵੀਊ, 2 ਬੈਡਰੂਮ + 1 ਵਾਸ਼ਰੂਮ ਵੱਡੀਆਂ ਕੀਂਚਨ ਕੇਬਨਿਟ, ਨਵਾਂ ਪੇਂਟ, ਨਵੇਂ ਲੈਮੀਨੇਟ ਫਲੋਰ, Huge ਬਾਲਕੋਨੀ, 2 ਪਾਰਕਿੰਗ (ਲਿਫਟ ਦੇ ਬਿਲੱਕੁਲ ਨੇੜੇ), ਸਾਰੀਆਂ ਸਹੂਲਤਾਂ ਦੇ ਕੋਲ- Square One, Celebration Square, Grand Park Plaza, Sheridan College, YMCA & much more.

NEW Listing in *BRAMPTON*
Chinguacousy/Williams Pkwy/Bovaird



ਡਿਟੈਚਡ ਹਾਊਸ Approx. 2000sq.ft. 4+1 ਬੈਡਰੂਮ +4 ਵਾਸ਼ਰੂਮ, ਫਿਨੀਸ਼ਡ ਬੇਸਮੇਂਟ with 1 ਬੈਡ+Rec Rm+4pc ਵਾਸ਼ਰੂਮ, ਡਬਲ-ਡੋਰ entrance, ਮਾਸਟਰ ਬੈਡਰੂਮ with 5-ਪੀਸ ਇਨਸੂਇਟ ਅਤੇ Walk-in ਕਲੌਜਿਟ, Electric Fireplace, Extended concreted ਡਰਾਈਵੇਅ, storage in backyard, pond & more.

Listed in *BRAMPTON*
Bramalea/Queen St/Hwy 7



1301 sq.ft. Corner End-Unit Apartment 3 ਬੈਡਰੂਮ + 2 ਵਾਸ਼ਰੂਮ 1 ਕਾਰ ਪਾਰਕਿੰਗ + ਸਟੋਰੇਜ ਨਾਲ, ਲੈਮੀਨੇਟ ਅਤੇ ਸਿਰਾਮਿਕ ਫਲੋਰ, No ਕਾਰਪੇਟ। Huge ਕੀਂਚਨ, ਮਾਸਟਰ ਬੈਡਰੂਮ with 2-ਪੀਸ ਇਨਸੂਇਟ ਅਤੇ ਖੁੱਲੀ ਕਲੌਜਿਟ, Walking distance to Bramalea City Centre & more.

SOLD in *BRAMPTON*
Clarkway/Cottrelle/Hwy 50



2100 sq.ft. ਸੈਮੀ-ਡਿਟੈਚਡ ਹਾਊਸ, 4+2 ਬੈਡਰੂਮ, 4 ਵਾਸ਼ਰੂਮ 2 ਬੈਡਰੂਮ, ਫਿਨੀਸ਼ਡ ਬੇਸਮੇਂਟ, 9 ਫੁੱਟ ਸੀਲਿੰਗ, Quartz ਕਾਊਂਟਰਟੋਪ, 5-ਪੀਸ ਇਨਸੂਇਟ ਅਤੇ His & Her ਕਲੌਜਿਟ, Laundary on ਮੇਨ ਫਲੋਰ ਅਤੇ ਬੇਸਮੇਂਟ ਵਿੱਚ। ਸਹੂਲਤਾਂ ਦੇ ਬਹੁਤ ਨੇੜੇ: ਗਰੋਸਰੀ ਸਟੋਰ, Shoppers, Pizza Pizza & more.

FREE

- ✓ Full MLS Services
- ✓ Consistently Marketing Your Property Until SOLD
- ✓ Competitive Rates, Exceptional Service & Award Winning Results
- ✓ Staging Consultation
- ✓ Billboard, Flyer, Newspaper
- ✓ Online Promotion
- ✓ Professional Pictures and Virtual Tour
- ✓ Social media & Radio Advertisement
- ✓ Open House Until Sold

RE/MAX Realty Specialists Inc. Brokerage (Independently Owned and Operated)
Off: 905-456-3232
"(Based on units sold & commissions)" "Some Conditions Apply

Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
SEPTEMBER 2022

PURBA APPRAISALS INC.

WE PROVIDE RESIDENTIAL REAL ESTATE APPRAISAL SERVICES FOR:



- Mortgage Financing
- Tax/Capital Gain
- Divorce/Separation of Assets
- Litigation Support
- Pre-listing Appraisals

Gurpreet Purba
Broker, CRA

416-669-1423
www.purbahomes.com